ਜਿਲਦ: 01, ਅੰਕ: 09 |

# ਨਿਊ ਇੰਡੀਆ ਸਮਾਚਾਰ

1 ਤੋਂ 15 ਨਵੰਬਰ 2020, ਮੁਫ਼ਤ

ਤਿਉਹਾਰ ਵਿਸ਼ੇਸ਼-ਅੰਕ



## ਲੋਕਲ ਤੋਂ ਗਲੋਬਲ ਹੁੰਦਾ ਭਾਰਤੀ ਬਜ਼ਾਰ

'ਵੋਕਲ ਫ਼ਾਰ ਲੋਕਲ' ਮੰਤਰ ਨਾਲ ਸਵਦੇਸ਼ੀ ਉਤਪਾਦਾਂ ਦੇ ਪ੍ਰਤੀ ਵਧਿਆ ਰੁਝਾਨ ਤੇ ਨਿਰਯਾਤ 'ਚ ਵੀ ਵਾਧੇ ਨਾਲ ਸਸ਼ਕਤ ਹੋ ਰਿਹਾ ਭਾਰਤ

# ਸ਼ੁਭਮ ਕਰੋਤਿ ਕਲਯਾਣੰ ਆਰੋਗਯੰ ਧਨਸੰਪਦਾਮ
# ਸ਼ਤਰੁਬੁੱਧੀਵਿਨਾਸ਼ਾਯ ਦੀਪਜਯੋਤਿਰਨਮੋਸਤੁਤੇ

"

ਕਿੰਨਾ ਉੱਤਮ ਸੰਦੇਸ਼ ਹੈ। ਇਸ ਸਲੋਕ ਵਿੱਚ ਕਿਹਾ ਹੈ - ਪ੍ਰਕਾਸ਼ ਜੀਵਨ ਵਿੱਚ ਸੁਖ, ਸਿਹਤ ਤੇ ਖ਼ੁਸ਼ਹਾਲੀ ਲੈ ਕੇ ਆਉਂਦਾ ਹੈ, ਜੋ ਨਕਾਰਾਤਮਕ ਬੁੱਧੀ ਦਾ ਨਾਸ਼ ਕਰ ਕੇ, ਸਹੀ ਮਾਰਗ ਦਿਖਾਉਂਦਾ ਹੈ। ਅਜਿਹੀ ਦਿੱਵਯ-ਜਯੋਤੀ ਨੂੰ ਮੇਰਾ ਨਮਨ। ਇਸ ਦੀਪਾਵਲੀ ਨੂੰ ਯਾਦ ਰੱਖਣ ਲਈ ਇਸ ਤੋਂ ਬਿਹਤਰ ਵਿਚਾਰ ਹੋਰ ਕੀ ਹੋ ਸਕਦਾ ਹੈ ਕਿ ਅਸੀਂ ਪ੍ਰਕਾਸ਼ ਨੂੰ ਵਿਸਤਾਰ ਦੇਈਏ, ਸਕਾਰਤਮਕਤਾ ਦਾ ਪ੍ਰਸਾਰ ਕਰੀਏ ਅਤੇ ਦੁਸ਼ਮਣੀ ਦੀ ਭਾਵਨਾ ਨੂੰ ਹੀ ਨਸ਼ਟ ਕਰਨ ਦੀ ਪ੍ਰਾਰਥਨਾ ਕਰੀਏ!

- ਨਰੇਂਦਰ ਮੋਦੀ, ਪ੍ਰਧਾਨ ਮੰਤਰੀ

## ਅਯੁੱਧਿਆ ਦੀ ਇਸ ਤਸਵੀਰ ਦੀ ਤਰ੍ਹਾਂ ਕਿਸੇ ਦੀ ਜ਼ਿੰਦਗੀ ਵਿੱਚ ਰੋਸ਼ਨੀ ਆਵੇ, ਇਸ ਲਈ ਖ਼ੁਸ਼ੀਆਂ ਵੰਡੋ...

ਦੀਪ ਪੁਰਬ ਦਾ ਇਹ ਤਿਉਹਾਰ ਹਰ ਸਾਲ ਸਾਡੇ ਜੀਵਨ ਵਿੱਚ ਖ਼ੁਸ਼ੀਆਂ ਲੈ ਕੇ ਆਉਂਦਾ ਹੈ। ਲੇਕਿਨ ਬਹੁਤ ਸਾਰੇ ਲੋਕ ਇਨ੍ਹਾਂ ਖ਼ੁਸ਼ੀਆਂ ਤੋਂ ਵਾਂਝੇ ਰਹਿ ਜਾਂਦੇ ਹਨ। ਸਥਾਨਕ ਉਤਪਾਦ ਖ਼ਰੀਦੋ, ਇਸ ਨਾਲ ਦੇਸ਼ ਤਾਂ ਮਜ਼ਬੂਤ ਹੋਵੇਗਾ ਹੀ, ਕਿਸੇ ਗ਼ਰੀਬ ਦੇ ਘਰ ਦੀਵਾਲੀ ਦਾ ਦੀਵਾ ਵੀ ਬਲ਼ ਸਕੇਗਾ। ਇਸ ਦੇ ਇਲਾਵਾ ਤੁਹਾਡੇ ਕੋਲ ਜੋ ਅਧਿਕ ਹੈ, ਉਸ ਨੂੰ ਕਿਸੇ ਲੋੜਵੰਦ ਨਾਲ ਸਾਂਝਾ ਕਰੋ। ਤੁਸੀਂ ਇੰਝ ਕਰੋ ਅਤੇ ਦੇਖੋ ਗ਼ਰੀਬ ਨਾਲ ਤੁਹਾਨੂੰ ਕਿਹੋ ਜਿਹੀ ਨੇੜਤਾ ਮਹਿਸੂਸ ਹੁੰਦੀ ਹੈ...



ਨਿਊ ਇੰਡੀਆ
# ਸਮਾਚਾਰ
ਜਿਲਦ: 01, ਅੰਕ: 09 | 1 ਤੋਂ 15 ਨਵੰਬਰ 2020

**ਸੰਪਾਦਕ:**
**ਕੁਲਦੀਪ ਸਿੰਘ ਧਤਵਾਲੀਆ**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਸਲਾਹਕਾਰ ਸੰਪਾਦਕ
**ਸੰਤੋਸ਼ ਕੁਮਾਰ**

ਸਹਾਇਕ ਸਲਾਹਕਾਰ ਸੰਪਾਦਕ:
**ਵਿਭੋਰ ਸ਼ਰਮਾ**

**ਪ੍ਰਕਾਸ਼ਕ ਅਤੇ ਪ੍ਰਿੰਟਰ:**
**ਸਤਯੇਂਦਰ ਪ੍ਰਕਾਸ਼,**
ਡਾਇਰੈਕਟਰ ਜਨਰਲ, ਬੀਓਸੀ
(ਬਿਊਰੋ ਆਵ੍ ਆਊਟਰੀਚ ਐਂਡ
ਕਮਿਊਨੀਕੇਸ਼ਨ)

**ਪ੍ਰਿੰਟਿੰਗ:** ਵਿਬਾ ਪ੍ਰੈੱਸ ਪ੍ਰਾਈਵੇਟ
ਲਿਮਿਟਿਡ, ਸੀ–66/3,
ਓਖਲਾ ਫ਼ੇਜ਼–II, ਓਖਲਾ
ਇੰਡਸਟ੍ਰੀਅਲ ਏਰੀਆ, ਨਵੀਂ ਦਿੱਲੀ

**ਸੰਪਰਕ:** ਬਿਊਰੋ ਆਵ੍ ਆਊਟਰੀਚ
ਐਂਡ ਕਮਿਊਨੀਕੇਸ਼ਨ, ਸੂਚਨਾ ਭਵਨ,
ਦੂਜੀ ਮੰਜ਼ਿਲ, ਨਵੀਂ ਦਿੱਲੀ–110003
**ਈਮੇਲ-response-nis@pib.gov.in**

**ਡਿਜ਼ਾਈਨਰ:**
ਸ਼ਿਆਮ ਸ਼ੰਕਰ ਤਿਵਾਰੀ

**ਕਵਰ ਫ਼ੋਟੋ**
**ਵਿਜੈ ਕੁਮਾਰ**

ਆਰ.ਐੱਨ.ਆਈ. ਨੰਬਰ
DELPUN/2020/78808

ਅੰਦਰਲੇ ਪੰਨਿਆਂ ਉੱਤੇ...

## ਲੋਕਲ ਖ਼ਰੀਦੋ, ਗਲੋਬਲ ਵੇਚੋ



**ਕਵਰ ਸਟੋਰੀ** | 'ਭਾਰਤ ਪ੍ਰਥਮ' ਦੇ ਸਿਧਾਂਤ ਨਾਲ 'ਲੋਕਲ ਲਈ ਵੋਕਲ' ਹੋ ਕੇ ਆਤਮਨਿਰਭਰਤਾ ਦੇ ਰਾਹ ਉੱਤੇ ਵਧਿਆ ਭਾਰਤ। ਪੰਨਾ 16-22

**ਨਮਾਮਿ ਗੰਗੇ ਮਿਸ਼ਨ**
ਤਾਕਿ ਵਹਿੰਦੀ ਰਹੇ ਨਿਰਮਲ ਗੰਗਾ ਦੀ ਅਵਿਰਲ ਧਾਰਾ... ਪੰਨਾ 10-12

**ਜਲ ਜੀਵਨ ਮਿਸ਼ਨ**
**ਹਰ ਘਰ ਜਲ ਦਾ ਸੁਪਨਾ ਹੋ ਰਿਹਾ ਸਾਕਾਰ**



ਹੁਣ 100 ਦਿਨ 'ਚ ਦੇਸ਼ ਦੇ ਸਾਰੇ ਸਕੂਲਾਂ ਤੇ ਆਂਗਨਵਾੜੀਆਂ ਨੂੰ ਜੋੜਨ ਦਾ ਟੀਚਾ | ਪੰਨਾ 10-13

**ਪਿੰਡ ਦੀ ਆਤਮਨਿਰਭਰਤਾ ਨਾਲ ਰਾਸ਼ਟਰ ਨਿਰਮਾਣ ਦਾ ਰਾਹ**
ਕਹਾਣੀ ਭਾਰਤ ਰਤਨ ਨਾਨਾਜੀ ਦੇਸ਼ਮੁਖ ਦੀ | ਪੰਨਾ 3

**ਸਮਾਚਾਰ-ਸਾਰ**
ਦੇਸ਼ ਦੀਆਂ ਪ੍ਰਮੁੱਖ ਖ਼ਬਰਾਂ | ਪੰਨਾ 4-5

**ਜੀਵਨ ਪ੍ਰਮਾਣ ਪੱਤਰ ਦੀ ਰੁਕਾਵਟ ਡਿਜੀਟਲੀ ਕਰੋ ਦੂਰ**
ਪੈਨਸ਼ਨ ਲਈ ਜੀਵਨ ਪ੍ਰਮਾਣ ਪੱਤਰ ਹੁਣ ਔਨਲਾਈਨ | ਪੰਨਾ 6-7

**ਮਜ਼ਬੂਤੀ ਦਾ ਪ੍ਰਤੀਕ ਬਣੀ ਅਟਲ ਸੁਰੰਗ**
ਦੁਨੀਆ ਦੀ ਸਭ ਤੋਂ ਲੰਬੀ ਸੁਰੰਗ ਹੁਣ ਭਾਰਤ 'ਚ | ਪੰਨਾ 8-9

**ਸੁਧਾਰਾਂ ਦੇ ਸਫ਼ਰ ਉੱਤੇ ਨਿਰੰਤਰ ਵਧਦੀ ਸਰਕਾਰ**
ਕੈਬਨਿਟ ਬੈਠਕ ਵਿੱਚ ਲਏ ਗਏ ਅਹਿਮ ਫ਼ੈਸਲੇ | ਪੰਨਾ 14-15

**ਕੋਰੋਨਾ ਖ਼ਿਲਾਫ਼ ਜੰਗ**
ਭਾਰਤ ਦਾ ਰਿਕਵਰੀ ਰੇਟ ਦੁਨੀਆ 'ਚ ਸਭ ਤੋਂ ਜ਼ਿਆਦਾ | ਪੰਨਾ 23

**ਹਰ ਦੀਵਾਲੀ ਦੇਸ਼ ਦੇ ਜਵਾਨਾਂ ਦੇ ਨਾਲ**
20 ਸਾਲ ਤੋਂ ਜਵਾਨਾਂ 'ਚ ਦੀਵਾਲੀ ਮਨਾ ਰਹੇ ਪੀਐੱਮ | ਪੰਨਾ 24-25

**ਉੱਤਰ-ਪੂਰਬ ਹੁਣ ਬਣ ਰਿਹਾ ਦੇਸ਼ ਦਾ ਵਿਕਾਸ ਇੰਜਣ**
ਉੱਤਰ-ਪੂਰਬ ਦੇ ਅੱਠ ਰਾਜ ਬਣਨਗੇ ਟੂਰਿਜ਼ਮ ਦੇ ਪ੍ਰਮੁੱਖ ਕੇਂਦਰ | ਪੰਨਾ 29

**ਭਾਰਤ ਦੇ ਪਾਸ ਹੁਣ ਐਂਟੀ-ਰੇਡੀਏਸ਼ਨ ਮਿਜ਼ਾਈਲ ਵੀ**
ਰੱਖਿਆ ਖੇਤਰ 'ਚ ਆਤਮਨਿਰਭਰਤਾ ਵੱਲ ਵਧਦਾ ਭਾਰਤ | ਪੰਨਾ 33

**ਸਵਾਮਿਤਵ ਯੋਜਨਾ: ਮੇਰੀ ਸੰਪਤੀ, ਮੇਰਾ ਹੱਕ**
ਗ੍ਰਾਮੀਣਾਂ ਨੂੰ ਮਿਲਿਆ ਰਿਹਾਇਸ਼ੀ ਸੰਪਤੀ ਦਾ ਕਾਨੂੰਨੀ ਹੱਕ | ਪੰਨਾ 34-35

**ਬਦਲਦੇ ਭਾਰਤ ਦੀ ਕਹਾਣੀ** | ਪੰਨਾ 36

**ਆਰਟੀਫ਼ਿਸ਼ਲ ਇੰਟੈਲੀਜੈਂਸ: ਗਲੋਬਲ ਹੱਬ ਬਣੇਗਾ ਭਾਰਤ**
ਵਿਗਿਆਨ ਤੇ ਤਕਨੀਕ ਦੇ ਨਾਲ ਆਰਟੀਫ਼ਿਸ਼ਲ ਇੰਟੈਲੀਜੈਂਸ ਦੀ ਸਹਾਇਤਾ ਨਾਲ ਭਾਰਤ ਨੂੰ ਦੁਨੀਆ ਵਿੱਚ ਅੱਗੇ ਰੱਖਣ ਦਾ ਰੋਡਮੈਪ | ਪੰਨਾ 26-28

# ਸੰਪਾਦਕ ਦੀ ਕਲਮ ਤੋਂ...

ਸਾਦਰ ਨਮਸਕਾਰ।

ਤਿਉਹਾਰਾਂ ਦਾ ਮਾਹੌਲ ਫਿਰ ਇੱਕ ਵਾਰ, ਨਵੀਂ ਉਮੰਗ, ਨਵੀਂ ਊਰਜਾ, ਨਵਾਂ ਉਤਸ਼ਾਹ ਲੈ ਕੇ ਆਇਆ ਹੈ। ਅਗਲੇ ਕਈ ਹਫ਼ਤਿਆਂ ਤੱਕ ਦੇਸ਼ ਭਰ ਵਿੱਚ ਤਿਉਹਾਰਾਂ ਦੀ ਰੌਣਕ ਹੋਵੇਗੀ। ਹੁਣੇ ਨਵਰਾਤ੍ਰੇ ਮਹਾਉਤਸਵ, ਗਰਬਾ, ਦੁਸਹਿਰਾ ਮਨਾਇਆ ਹੈ ਤੇ ਹੁਣ ਦੀਵਾਲੀ, ਭਾਈ-ਦੂਜ, ਛਠ ਮਹਾਪੁਰਬ ਮਨਾਵਾਂਗੇ। ਤੁਹਾਨੂੰ ਸਭ ਨੂੰ ਆਉਣ ਵਾਲੇ ਤਿਉਹਾਰਾਂ ਦੀਆਂ ਢੇਰ ਸਾਰੀਆਂ ਸ਼ੁਭਕਾਮਨਾਵਾਂ। ਤਿਉਹਾਰ ਸਾਡੇ ਮਨ ਵਿੱਚ ਨਵਾਂ ਸੰਕਲਪ ਭਰਦੇ ਹਨ। ਲੇਕਿਨ ਤੁਹਾਨੂੰ ਇਸ ਵਾਰ ਤਿਉਹਾਰਾਂ 'ਚ ਚੌਕਸ ਰਹਿਣ ਦੀ ਜ਼ਰੂਰਤ ਹੈ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੋਰੋਨਾ ਦੀ ਦਵਾਈ ਨਾ ਆਉਣ ਤੱਕ ਸੁਰੱਖਿਆ ਦੇ ਜਿਸ ਮੰਤਰ ਨੂੰ ਜਨ-ਅੰਦੋਲਨ ਬਣਾਇਆ ਹੈ, ਉਸ ਨੂੰ ਜ਼ਰੂਰ ਅਪਣਾਓ ਅਤੇ ਸੁਰੱਖਿਅਤ ਰਹੋ, ਤੰਦਰੁਸਤ ਰਹੋ।

'ਨਿਊ ਇੰਡੀਆ ਸਮਾਚਾਰ' ਪ੍ਰਤੀ ਤੁਹਾਡਾ ਅਪਾਰ ਸਨੇਹ ਇਸ ਤਿਉਹਾਰ ਉੱਤੇ ਸਾਡੇ ਲਈ ਤੋਹਫ਼ੇ ਤੋਂ ਘੱਟ ਨਹੀਂ ਹੈ। ਪੂਰੇ ਮਹੀਨੇ 'ਚ ਸੱਤ ਹਜ਼ਾਰ ਤੋਂ ਵੱਧ ਲੋਕਾਂ ਨੇ ਈ-ਮੇਲ ਰਾਹੀਂ ਆਪਣੀਆਂ ਭਾਵਨਾਵਾਂ ਅਤੇ ਵਿਚਾਰ ਸਾਂਝੇ ਕੀਤੇ ਹਨ। ਆਉਣ ਵਾਲੇ ਅੰਕਾਂ ਨਾਲ ਅਸੀਂ ਤੁਹਾਡੇ ਸੰਦੇਸ਼ਾਂ ਨੂੰ ਵੀ ਪੱਤ੍ਰਿਕਾ ਦਾ ਹਿੱਸਾ ਬਣਾਵਾਂਗੇ।

ਤਿਉਹਾਰਾਂ ਦੇ ਇਸ ਮੌਸਮ ਵਿੱਚ ਤੁਹਾਨੂੰ ਇਹ ਜਾਣ ਕੇ ਖ਼ੁਸ਼ੀ ਹੋਵੇਗੀ ਕਿ 130 ਕਰੋੜ ਦੇਸ਼ਵਾਸੀਆਂ ਦੇ ਸੰਕਲਪ ਨਾਲ ਭਾਰਤ ਨਾ ਸਿਰਫ਼ ਕੋਰੋਨਾ ਦੀ ਚੁਣੌਤੀ ਨੂੰ ਹਰਾ ਰਿਹਾ ਹੈ, ਬਲਕਿ 'ਵੋਕਲ ਫ਼ਾਰ ਲੋਕਲ' ਦਾ ਮੰਤਰ ਅੰਦੋਲਨ ਬਣ ਗਿਆ ਹੈ। ਜਿਸ ਦਾ ਸੁਖਦ ਨਤੀਜਾ ਹੈ ਕਿ ਲੋਕ ਹੁਣ ਸਥਾਨਕ ਵਸਤਾਂ ਖ਼ਰੀਦ ਰਹੇ ਹਨ, ਤੇ ਭਾਰਤੀ ਉਤਪਾਦਾਂ ਦਾ ਨਿਰਯਾਤ ਵੀ ਤੇਜ਼ ਗਤੀ ਨਾਲ ਵਧ ਰਿਹਾ ਹੈ। ਇਸ ਅੰਕ ਵਿੱਚ ਵਿਕਾਸ ਦੇ ਪਥ ਉੱਤੇ ਨਿਰੰਤਰ ਅੱਗੇ ਵਧਦੇ ਭਾਰਤ ਦੀ ਇਹੋ ਕਹਾਣੀ ਕਵਰ-ਸਟੋਰੀ ਬਣੀ ਹੈ।

ਇੱਕ ਵਾਰ ਫਿਰ ਤੁਹਾਨੂੰ ਤਿਉਹਾਰਾਂ ਦੀਆਂ ਅਨੇਕ ਸ਼ੁਭਕਾਮਨਾਵਾਂ।

ਤੁਸੀਂ ਆਪਣੇ ਵਿਚਾਰ ਤੇ ਸੁਝਾਅ ਸਾਨੂੰ ਲਿਖਦੇ ਰਹੋ।

ਪਤਾ - ਬਿਊਰੋ ਆਵ੍ ਆਊਟਰੀਚ ਐਂਡ ਕਮਿਊਨੀਕੇਸ਼ਨ,
ਸੂਚਨਾ ਭਵਨ, ਦੂਜੀ ਮੰਜ਼ਿਲ,
ਨਵੀਂ ਦਿੱਲੀ-110003

ਈਮੇਲ- response-nis@pib.gov.in

ਕੁਲਦੀਪ

(ਕੁਲਦੀਪ ਸਿੰਘ ਧਤਵਾਲੀਆ)

# ਪਿੰਡ ਦੀ ਆਤਮਨਿਰਭਰਤਾ ਨਾਲ ਰਾਸ਼ਟਰ ਨਿਰਮਾਣ ਦਾ ਰਾਹ



**ਆਜ਼ਾਦ ਭਾਰਤ 'ਚ ਅਜਿਹੀਆਂ ਉਦਾਹਰਣਾਂ ਘੱਟ ਹੀ ਮਿਲਦੀਆਂ ਹਨ, ਜਦੋਂ ਕੋਈ ਆਪਣੀ ਰਾਜਨੀਤਕ ਯਾਤਰਾ ਦੇ ਸਿਖ਼ਰ 'ਤੇ ਪੁੱਜ ਕੇ ਸਭ ਇੱਕ ਝਟਕੇ 'ਚ ਛੱਡ ਦੇਵੇ। ਲਗਭਗ 40 ਸਾਲ ਪਹਿਲਾਂ ਚੰਡਿਕਾਦਾਸ ਅੰਮ੍ਰਿਤਰਾਓ ਦੇਸ਼ਮੁਖ ਯਾਨੀ ਨਾਨਾਜੀ ਦੇਸ਼ਮੁਖ ਪਿੰਡਾਂ ਦੇ ਸਮੁੱਚੇ ਵਿਕਾਸ ਦਾ ਮਾਡਲ ਖੜ੍ਹਾ ਕਰਨ ਲਈ ਅਜਿਹੇ ਹੀ ਰਾਹ ਉੱਤੇ ਨਿਕਲ ਪਏ ਸਨ। 'ਗ੍ਰਾਮ-ਉਦੈ ਤੋਂ ਰਾਸ਼ਟਰ-ਉਦੈ' ਦਾ ਉਨ੍ਹਾਂ ਦਾ ਮੰਤਰ ਅੱਜ ਵੀ ਭਾਰਤੀ ਲੋਕਤੰਤਰ ਦੀ ਆਤਮਾ ਵਿੱਚ ਵਸਦਾ ਹੈ...**

**ਜਨਮ: 11 ਅਕਤੂਬਰ 1916: ਦੇਹਾਂਤ: 27 ਫ਼ਰਵਰੀ 2010**

ਸਾਲ 1974, ਮਹੀਨਾ ਅਪ੍ਰੈਲ ਦਾ। ਪਟਨਾ ਦੇ ਗਾਂਧੀ ਮੈਦਾਨ 'ਚ ਲੋਕਨਾਇਕ ਜੈ ਪ੍ਰਕਾਸ਼ ਨਾਰਾਇਣ ਉੱਤੇ ਲਾਠੀਆਂ ਵਰ੍ਹਾਈਆਂ ਜਾ ਰਹੀਆਂ ਸਨ। ਤਦ ਇੱਕ ਪ੍ਰਚਾਰਕ ਲੋਕਨਾਇਕ ਨੂੰ ਲਾਠੀਆਂ ਤੋਂ ਬਚਾਉਣ ਲਈ ਉਨ੍ਹਾਂ ਉੱਤੇ ਪੈ ਗਿਆ। ਲਾਠੀਆਂ ਨਾਲ ਉਨ੍ਹਾਂ ਦਾ ਹੱਥ ਟੁੱਟ ਗਿਆ ਪਰ ਜੇਪੀ ਨੂੰ ਸੱਟ ਨਹੀਂ ਲਗਣ ਦਿੱਤੀ। ਇਹ ਪ੍ਰਚਾਰਕ ਸਨ ਚੰਡਿਕਾਦਾਸ ਅੰਮ੍ਰਿਤਰਾਓ ਦੇਸ਼ਮੁਖ। ਦੇਸ਼ ਉਨ੍ਹਾਂ ਨੂੰ ਨਾਨਾਜੀ ਦੇਸ਼ਮੁਖ ਦੇ ਨਾਮ ਨਾਲ ਜਾਣਦਾ ਹੈ। ਨਾਨਾਜੀ ਦੇ 101ਵੇਂ ਜਯੰਤੀ ਸਮਾਰੋਹ 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਖ਼ੁਦ ਇਸ ਕਿੱਸੇ ਦਾ ਜ਼ਿਕਰ ਕੀਤਾ ਹੈ।

ਮਹਾਰਾਸ਼ਟਰ ਦੇ ਪਰਭਣੀ ਦੇ ਛੋਟੇ ਜਿਹੇ ਕਸਬੇ ਕਡੋਲੀ 'ਚ ਜਨਮੇ ਨਾਨਾਜੀ ਦਾ ਬਚਪਨ ਤੰਗੀਆਂ 'ਚ ਬੀਤਿਆ, ਇੱਥੋਂ ਹੀ ਉਨ੍ਹਾਂ ਆਪਣਾ ਜੀਵਨ ਰਾਸ਼ਟਰ ਦੇ ਨਾਮ ਸਮਰਪਿਤ ਕਰਨ ਦਾ ਪ੍ਰਣ ਕੀਤਾ। ਸਰਸੰਘ-ਚਾਲਕ ਡਾ. ਕੇਸ਼ਬ ਬਲਿਰਾਮ ਹੈਡਗੇਵਾਰ ਨੇ ਉਨ੍ਹਾਂ ਨੂੰ 'ਰਾਸ਼ਟਰਧਰਮ' ਅਤੇ 'ਪਾਂਚਜੰਨਯ' ਨਾਮ ਨਾਲ ਦੋ ਹਫ਼ਤਾਵਾਰੀ ਅਤੇ 'ਸਵਦੇਸ਼' ਨਾਮ ਨਾਲ ਰੋਜ਼ਾਨਾ ਅਖ਼ਬਾਰ ਕੱਢਣ ਦੀ ਜ਼ਿੰਮੇਵਾਰੀ ਸੌਂਪੀ। ਨਾਨਾਜੀ ਨੇ ਇਨ੍ਹਾਂ ਵਿੱਚ ਮੈਨੇਜਿੰਗ ਡਾਇਰੈਕਟਰ ਅਟਲ ਬਿਹਾਰੀ ਵਾਜਪੇਈ ਨੇ ਸੰਪਾਦਕ ਤੇ ਪੰਡਿਤ ਦੀਨਦਿਆਲ ਉਪਾਧਿਆਇ ਨੇ ਮਾਰਗਦਰਸ਼ਨ ਦੀ ਜ਼ਿੰਮੇਵਾਰੀ ਸੰਭਾਲ਼ੀ।

ਸਾਲ 1977 'ਚ ਐਮਰਜੈਂਸੀ ਤੋਂ ਬਾਅਦ ਹੋਈਆਂ ਚੋਣਾਂ 'ਚ ਨਾਨਾਜੀ ਨੇ ਉੱਤਰ ਪ੍ਰਦੇਸ਼ ਦੀ ਬਲਰਾਮਪੁਰ ਸੀਟ ਤੋਂ ਜਿੱਤ ਹਾਸਲ ਕੀਤੀ। ਇਸ ਚੋਣ ਵਿੱਚ ਉਨ੍ਹਾਂ ਇੱਥੋਂ ਦੀ ਰਾਜਮਾਤਾ ਰਾਜਲਕਸ਼ਮੀ ਕੁਮਾਰੀ ਨੂੰ ਹਰਾਇਆ। ਆਪਣੀ ਹਾਰ ਤੋਂ ਦੁਖੀ ਰਾਜਮਾਤਾ ਇੰਨੀ ਨਾਰਾਜ਼ ਹੋਈ ਕਿ ਉਨ੍ਹਾਂ ਨੇ ਖ਼ੁਦ ਨੂੰ ਮਹਿਲ ਵਿੱਚ ਕੈਦ ਕਰ ਲਿਆ। ਨੌਕਰਾਂ ਨੂੰ ਆਖ ਦਿੱਤਾ ਕਿ ਬਹੁਤ ਜ਼ਰੂਰੀ ਹੋਣ ਉੱਤੇ ਹੀ ਏਕਾਂਤ ਵਿੱਚ ਦਖ਼ਲ ਦੇਣ। ਕੁਝ ਹੀ ਘੰਟਿਆਂ ਬਾਅਦ ਇੱਕ ਨੌਕਰ ਨੇ ਆ ਕੇ ਖਿਮਾ ਮੰਗਦਿਆਂ ਦੱਸਿਆ,'ਮਹਿਲ ਦੇ ਵੱਡੇ ਦਰਵਾਜ਼ੇ ਉੱਤੇ ਨਾਨਾਜੀ ਨਾਮ ਦਾ ਇੱਕ ਆਦਮੀ ਖੜ੍ਹਾ ਹੈ ਤੇ ਕਹਿ ਰਿਹਾ ਹੈ ਕਿ ਉਨ੍ਹਾਂ ਦਾ ਅੱਜ ਅਤੇ ਹੁਣੇ ਤੁਹਾਨੂੰ ਮਿਲਣਾ ਬਹੁਤ ਜ਼ਰੂਰੀ ਹੈ।' ਰਾਜਮਾਤਾ ਸਮਝ ਗਏ ਕਿ ਇਹ ਨਾਨਾਜੀ ਦੇਸ਼ਮੁਖ ਹੀ ਹਨ। ਮੁਲਾਕਾਤ ਹੋਈ ਤਾਂ ਉਹ ਹਾਰ ਦੀ ਤਲਖ਼ੀ ਨੂੰ ਲੁਕਾ ਨਾ ਸਕੇ। ਰੋਹ 'ਚ ਆ ਕੇ ਬੋਲੇ,'ਚੋਣ ਤਾਂ ਤੁਸੀਂ ਹਰਾ ਚੁੱਕੇ ਮੈਨੂੰ। ਹੁਣ ਇੱਥੇ ਹੋਰ ਕੀ ਲੈਣ ਆਏ ਹੋ?' ਨਾਨਾ ਜੀ ਬੋਲੇ – 'ਤੁਹਾਡੀ ਪਰਜਾ ਨੇ ਮੈਨੂੰ ਤੁਹਾਡੀ ਜਗ੍ਹਾ ਸਾਂਸਦ ਚੁਣ ਲਿਆ ਹੈ ਪਰ ਕੀ ਦੱਸਾਂ, ਤੁਹਾਡੇ ਰਾਜ ਵਿੱਚ ਨਾ ਮੇਰੇ ਕੋਲ ਸਿਰ ਲੁਕਾਉਣ ਦੀ ਕੋਈ ਜਗ੍ਹਾ ਹੈ, ਨਾ ਹੀ ਇੰਨਾ ਧਨ ਕਿ ਜ਼ਮੀਨ ਖ਼ਰੀਦ ਕੇ ਉਸ ਉੱਤੇ ਚਾਰਦੀਵਾਰੀ ਕਰ ਕੇ ਉਨ੍ਹਾਂ ਉੱਤੇ ਛੱਤ ਪੁਆ ਸਕਾਂ।' ਰਾਜਮਾਤਾ ਨੇ ਇੱਕ ਪਿੰਡ ਨਾਨਾਜੀ ਨੂੰ ਦੇ ਦਿੱਤਾ, ਬੋਲੇ – ਜਾਓ, ਮੈਥੋਂ ਵੱਡਾ ਮਹਿਲ ਬਣਵਾਓ। ਨਾਨਾਜੀ ਨੇ ਇਸ ਨੂੰ ਆਦਰਸ਼ ਪਿੰਡ ਦੇ ਤੌਰ 'ਤੇ ਵਿਕਸਿਤ ਕੀਤਾ। ਨਾਮ ਰੱਖਿਆ ਜੈਪ੍ਰਭਾ ਪਿੰਡ। ਜੈ ਯਾਨੀ ਲੋਕਨਾਇਕ ਜੈਪ੍ਰਕਾਸ਼ ਨਾਰਾਇਣ ਅਤੇ ਪ੍ਰਭਾਵ ਭਾਵ ਉਨ੍ਹਾਂ ਦੀ ਜੀਵਨ-ਸਾਥਣ ਪ੍ਰਭਾਵਤੀ। ਚੋਣ ਜਿੱਤਣ ਤੋਂ ਬਾਅਦ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਨੇ ਨਾਨਾਜੀ ਨੂੰ ਮੰਤਰੀ ਬਣਨ ਲਈ ਕਿਹਾ, ਤਾਂ ਉਨ੍ਹਾਂ ਨੇ ਇਸ ਨੂੰ ਠੁਕਰਾਉਂਦਿਆਂ ਕਿਹਾ – 'ਮੇਰੀ ਉਮਰ 60 ਸਾਲ ਹੈ ਤੇ ਇਸ ਉਮਰ ਵਿੱਚ ਸਰਕਾਰ ਵਿੱਚ ਨਹੀਂ, ਬਲਕਿ ਲੋਕਾਂ ਦੇ ਦਰਮਿਆਨ ਰਹਿ ਕੇ ਸਮਾਜ-ਸੇਵਾ ਕਰਨੀ ਚਾਹੀਦੀ ਹੈ।' ਸਰਸਵਤੀ ਸ਼ਿਸ਼ੂ ਮੰਦਿਰ ਦੀ ਸਥਾਪਨਾ ਦਾ ਕ੍ਰੈਡਿਟ ਵੀ ਨਾਨਾਜੀ ਨੂੰ ਜਾਂਦਾ ਹੈ। ਵਿਨੋਬਾ ਭਾਵੇ ਦੇ ਭੂਦਾਨ ਅੰਦੋਲਨ ਵਿੱਚ ਵੀ ਨਾਨਾਜੀ ਨੇ ਸਰਗਰਮ ਤੌਰ 'ਤੇ ਹਿੱਸਾ ਲਿਆ। ਸਾਲ 1980 'ਚ ਰਾਜਨੀਤੀ ਤੋਂ ਸੰਨਿਆਸ ਲੈ ਕੇ ਉਨ੍ਹਾਂ ਨਵੀਂ ਦਿੱਲੀ 'ਚ 'ਦੀਨਦਿਆਲ ਖੋਜ ਸੰਸਥਾਨ' ਅਤੇ ਫਿਰ ਉੱਤਰ ਪ੍ਰਦੇਸ਼ ਵਿੱਚ 'ਚਿੱਤ੍ਰਕੂਟ ਗ੍ਰਾਮੋਦਯ ਵਿਸ਼ਵਵਿਦਿਆਲਯ' ਦੀ ਸਥਾਪਨਾ ਕੀਤੀ। ਨਾਨਾਜੀ ਚਿੱਤ੍ਰਕੂਟ 'ਚ ਹੀ ਪੱਕੇ ਤੌਰ 'ਤੇ ਵਸ ਗਏ। ਸਾਲ 1999 'ਚ ਅਟਲ ਬਿਹਾਰੀ ਵਾਜਪੇਈ ਨੇ ਉਨ੍ਹਾਂ ਨੂੰ ਰਾਜ ਸਭਾ ਭੇਜਿਆ। 27 ਫ਼ਰਵਰੀ, 2010 ਨੂੰ ਨਾਨਾਜੀ ਦਾ ਅਕਾਲ ਚਲਾਣਾ ਹੋ ਗਿਆ। ਸਾਲ 2019 'ਚ ਰਾਸ਼ਟਰ ਸੇਵਾ ਲਈ ਨਾਨਾਜੀ ਨੂੰ ਭਾਰਤ ਰਤਨ ਦਿੱਤਾ ਗਿਆ। ਰਾਸ਼ਟਰ ਸੇਵਾ ਲਈ ਜੀਵਨ ਭਰ ਸਮਰਪਿਤ ਰਹੇ ਨਾਨਾਜੀ ਅਕਸਰ ਕਹਿੰਦੇ ਸਨ – 'ਮੈਂ ਆਪਣੇ ਲਈ ਨਹੀਂ, ਆਪਣਿਆਂ ਲਈ ਹਾਂ।' ●

# ਵਾਰਾਣਸੀ ਦੀ ਬੇਟੀ ਬਣੀ ਰਾਫ਼ੇਲ ਉਡਾਉਣ ਵਾਲੀ ਪਹਿਲੀ ਮਹਿਲਾ ਪਾਇਲਟ



ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਸੰਸਦੀ ਹਲਕਾ ਵਾਰਾਣਸੀ ਬੇਟੀਆਂ ਨੂੰ ਪ੍ਰੇਰਣਾ ਦੇਣ ਵਾਲੀ ਮਿਸਾਲ ਨੂੰ ਲੈ ਕੇ ਸੁਰਖ਼ੀਆਂ ਵਿੱਚ ਹੈ। ਦੁਸ਼ਮਣ ਲਈ ਕਾਲ ਮੰਨੇ ਜਾਣ ਵਾਲੇ ਰਾਫ਼ੇਲ ਨੂੰ ਉਡਾਉਣ ਵਾਲੀ ਪਹਿਲੀ ਮਹਿਲਾ ਪਾਇਲਟ ਇਸ ਕਾਸ਼ੀ ਨਗਰੀ ਦੀ ਬੇਟੀ ਸ਼ਿਵਾਂਗੀ ਹੋਵੇਗੀ, ਜਿਸ ਨੂੰ ਵਾਯੂ ਸੈਨਾ ਨੇ ਇਸ ਖ਼ਾਸ ਪ੍ਰੋਜੈਕਟ ਲਈ ਚੁਣਿਆ ਹੈ। ਯਾਨੀ ਸ਼ਿਵਾਂਗੀ ਦੇਸ਼ ਦੀ ਪਹਿਲੀ ਮਹਿਲਾ ਰਾਫ਼ੇਲ ਪਾਇਲਟ ਬਣੀ ਹੈ। ਸ਼ਿਵਾਂਗੀ ਦੇਸ਼ ਦੀਆਂ ਉਨ੍ਹਾਂ ਸਾਰੀਆਂ ਬੇਟੀਆਂ ਦੇ ਲਈ ਪ੍ਰੇਰਣਾ ਹੈ, ਜਿਨ੍ਹਾਂ ਦੀਆਂ ਅੱਖਾਂ ਦੇ ਕੁਝ ਸੁਪਨੇ ਹਨ ਅਤੇ ਜੋ ਲੀਕ ਤੋਂ ਹਟ ਕੇ ਕੁਝ ਕਰਨਾ ਚਾਹੁੰਦੀਆਂ ਹਨ।

ਸ਼ਿਵਾਂਗੀ ਦੇ ਪਿਤਾ ਕਹਿੰਦੇ ਹਨ ਕਿ ਬੇਟੀਆਂ ਨੂੰ ਵੀ ਘਰ ਤੋਂ ਬਾਹਰ ਨਿਕਲਣ ਦਾ ਮੌਕਾ ਦੇਣਾ ਚਾਹੀਦਾ ਹੈ ਅਤੇ ਉਸ ਨੂੰ ਜੋ ਫ਼ੀਲਡ ਪਸੰਦ ਹੈ, ਉਸ ਵਿੱਚ ਭੇਜਣਾ ਚਾਹੀਦਾ ਹੈ। 2017 'ਚ ਸ਼ਿਵਾਂਗੀ ਦੀ ਚੋਣ ਵਾਯੂ ਸੈਨਾ ਵਿੱਚ ਮਹਿਲਾ ਪਾਇਲਟ ਦੇ ਤੌਰ 'ਤੇ ਹੋਈ ਸੀ। ਉਨ੍ਹਾਂ ਮਿੱਗ-21 ਨੂੰ ਬਾਖ਼ੂਬੀ ਉਡਾਇਆ ਹੈ। ਤਦ ਤੋਂ ਅੱਜ ਤੱਕ ਵਾਰਾਣਸੀ ਦੀ ਇਸ ਬੇਟੀ ਉੱਤੇ ਪਰਿਵਾਰ ਨੂੰ ਮਾਣ ਹੈ ਤੇ ਦੇਸ਼ ਦੀਆਂ ਬੇਟੀਆਂ ਲਈ ਵੀ ਸ਼ਿਵਾਂਗੀ ਪ੍ਰੇਰਣਾ ਬਣੀ ਹੈ।

## ਸੜਕ ਹਾਦਸੇ 'ਚ ਤੁਸੀਂ ਲੋਕਾਂ ਨੂੰ ਬਚਾਓ, ਸਰਕਾਰ ਤੁਹਾਨੂੰ ਪੂਰੀ ਸੁਰੱਖਿਆ ਦੇਵੇਗੀ

ਅਕਸਰ ਸੜਕ ਹਾਦਸਿਆਂ ਵਿੱਚ ਲੋਕ ਪੀੜਤਾਂ ਦੀ ਮਦਦ ਇਸ ਲਈ ਨਹੀਂ ਕਰਦੇ ਕਿਉਂਕਿ ਪੁਲਿਸ ਤੇ ਕਾਨੂੰਨੀ ਚੱਕਰਾਂ ਵਿੱਚ ਉਲਝਣਾ ਪੈ ਜਾਂਦਾ ਹੈ। ਲੇਕਿਨ ਹੁਣ ਤੁਹਾਨੂੰ ਇਸ ਦੀ ਪਰਵਾਹ ਕਰਨ ਦੀ ਜ਼ਰੂਰਤ ਨਹੀਂ ਹੈ।



ਕੇਂਦਰ ਸਰਕਾਰ ਨੇ ਅਜਿਹੇ ਨਾਗਰਿਕਾਂ ਦੀ ਸੁਰੱਖਿਆ ਲਈ 29 ਸਤੰਬਰ ਨੂੰ ਨਿਯਮ ਜਾਰੀ ਕੀਤਾ ਹੈ। ਸੜਕ ਹਾਦਸੇ ਵਿੱਚ ਜ਼ਖ਼ਮੀ ਜਾਂ ਮੌਤ ਹੋਣ ਦੀ ਸਥਿਤੀ ਵਿੱਚ ਅਜਿਹੇ ਨਾਗਰਿਕਾਂ ਦੇ ਖ਼ਿਲਾਫ਼ ਸਿਵਲ ਜਾਂ ਅਪਰਾਧਕ ਕਾਰਵਾਈ ਨਹੀਂ ਹੋਵੇਗੀ। ਕੋਈ ਵੀ ਪੁਲਿਸ ਜਾਂ ਜਾਂਚ ਅਧਿਕਾਰੀ ਅਜਿਹੇ ਮਦਦਗਾਰਾਂ ਨੂੰ ਆਪਣਾ ਨਾਮ ਜਾਂ ਹੋਰ ਨਿਜੀ ਜਾਣਕਾਰੀ ਸਾਂਝੀ ਕਰਨ ਲਈ ਵੀ ਮਜਬੂਰ ਨਹੀਂ ਕਰ ਸਕਦਾ। ਇੰਨਾ ਹੀ ਨਹੀਂ, ਸਾਰੇ ਸਰਕਾਰੀ, ਨਿਜੀ ਹਸਪਤਾਲਾਂ ਲਈ ਸੜਕ ਹਾਦਸੇ ਦੇ ਪੀੜਤਾਂ ਦੀ ਮਦਦ ਕਰਨ ਵਾਲੇ ਨਾਗਰਿਕਾਂ ਦੇ ਅਧਿਕਾਰਾਂ ਦਾ ਚਾਰਟਰ ਹਸਪਤਾਲ ਦੇ ਮੁੱਖ ਸਥਾਨ ਤੇ ਵੈੱਬਸਾਈਟ ਉੱਤੇ ਹਿੰਦੀ, ਅੰਗਰੇਜ਼ੀ ਅਤੇ ਸਥਾਨਕ ਭਾਸ਼ਾ ਵਿੱਚ ਲਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਯਾਨੀ ਜੇ ਤੁਸੀਂ ਸੜਕ ਉੱਤੇ ਹਾਦਸੇ ਦੇ ਕਿਸੇ ਪੀੜਤ ਦੀ ਮਦਦ ਕਰਦੇ ਹੋ ਤੇ ਉਸ ਨੂੰ ਹਸਪਤਾਲ ਪਹੁੰਚਾਉਂਦੇ ਹੋ, ਤਾਂ ਤੁਸੀਂ ਨਾ ਸਿਰਫ਼ ਇੱਕ ਦਿਆਲੂ ਵਿਅਕਤੀ ਹੋ, ਬਲਕਿ ਇੱਕ ਸਮਾਰਟ ਨਾਗਰਿਕ ਵੀ ਅਖਵਾਉਂਦੇ ਹੋ।

## ਤਿੰਨ ਲੱਖ ਲੋਕਾਂ ਤੱਕ ਪੁੱਜੀ ਮੁਫ਼ਤ ਕਾਨੂੰਨੀ ਸਲਾਹ ਦੀ ਸੁਵਿਧਾ

ਅਦਾਲਤੀ ਲੜਾਈ 'ਚ ਹੋਣ ਵਾਲੇ ਧਨ ਤੇ ਸਮੇਂ ਦੀ ਬਰਬਾਦੀ ਨਾਲ ਗ਼ਰੀਬ, ਦਲਿਤ, ਕਮਜ਼ੋਰ, ਦੂਰ-ਦੁਰਾਡੇ ਦੇ ਸਮੂਹਾਂ ਨੂੰ ਬਚਾਉਣ ਲਈ ਕੇਂਦਰੀ ਨਿਆਂ ਵਿਭਾਗ ਦੀ ਪਹਿਲ – 'ਟੈਲੀ-ਲਾਅ' ਕਾਰਗਰ ਸਿੱਧ ਹੋ ਰਿਹਾ ਹੈ। 2017 ਤੋਂ ਹੁਣ ਤੱਕ ਦੇਸ਼ ਦੇ 260 ਜ਼ਿਲ੍ਹਿਆਂ (115 ਖ਼ਾਹਿਸ਼ੀ ਜ਼ਿਲ੍ਹਿਆਂ ਸਮੇਤ) ਵਿੱਚ ਤਿੰਨ ਲੱਖ ਤੋਂ ਵੱਧ ਲੋਕਾਂ ਨੂੰ ਕਾਨੂੰਨੀ ਸਲਾਹ ਦੇ ਕੇ ਮੁਕੱਦਮੇਬਾਜ਼ੀ ਤੋਂ ਬਚਾਇਆ ਜਾ ਚੁੱਕਿਆ ਹੈ। ਡਿਜੀਟਲ ਪਲੈਟਫ਼ਾਰਮਾਂ ਦੀ ਵਰਤੋਂ ਕਰਦੇ ਹੋਏ ਮੁਕੱਦਮੇਬਾਜ਼ੀ ਦੇ ਪਹਿਲੇ ਗੇੜ ਵਿੱਚ ਹੀ ਵਿਵਾਦਾਂ ਦਾ ਨਿਬੇੜਾ ਕਰਨਾ ਇਸ ਦਾ ਮਕਸਦ ਹੈ। ਇਸ ਸੁਵਿਧਾ ਨੂੰ ਇੰਝ ਬਣਾਇਆ ਗਿਆ ਹੈ ਕਿ ਕਾਨੂੰਨੀ ਵਿਵਾਦਾਂ ਦਾ ਸ਼ੁਰੂ ਵਿੱਚ ਹੀ ਪਤਾ ਲਗੇ, ਉਨ੍ਹਾਂ ਵਿੱਚ ਦਖ਼ਲ ਨਾਲ ਉਨ੍ਹਾਂ ਦੀ ਰੋਕਥਾਮ ਹੋ ਸਕੇ। ਸਲਾਹ ਲਈ ਵਕੀਲਾਂ ਦਾ ਸਮੂਹ ਤੈਨਾਤ ਕੀਤਾ ਗਿਆ ਹੈ। ਦੇਸ਼ ਦੇ ਸਾਰੇ ਜ਼ਿਲ੍ਹਿਆਂ ਨੂੰ ਕਵਰ ਕਰਨ ਦੇ ਟੀਚੇ ਨਾਲ ਵਿਭਾਗ ਇਸ ਨਾਲ ਜੁੜੀਆਂ ਸਫ਼ਲਤਾ ਦੀਆਂ ਕਹਾਣੀਆਂ ਨੂੰ ਲਗਾਤਾਰ ਪ੍ਰਕਾਸ਼ਿਤ ਵੀ ਕਰ ਰਿਹਾ ਹੈ, ਜਿਸ ਨੂੰ https://www.tele-law.in ਉੱਤੇ ਦੇਖਿਆ ਜਾ ਸਕਦਾ ਹੈ।



## ਅਦਭੁਤ ਹੋਵੇਗਾ ਨਵਾਂ ਪੰਬਨ ਬ੍ਰਿਜ, ਰਾਮੇਸ਼ਵਰਮ ਤੱਕ ਪਹੁੰਚ ਅਸਾਨ




ਸਾਲਾਂ ਤੱਕ ਦੱਖਣੀ ਭਾਰਤ ਦੀ ਮੁੱਖ ਭੂਮੀ ਨੂੰ ਪੰਬਨ ਆਈਲੈਂਡ ਨਾਲ ਜੋੜਨ ਦਾ ਕੰਮ ਕਰਨ ਵਾਲੇ ਪੰਬਨ ਬ੍ਰਿਜ ਦੀ ਥਾਂ ਹੁਣ ਨਵਾਂ ਬ੍ਰਿਜ ਲਵੇਗਾ। ਆਧੁਨਿਕ ਤਕਨੀਕ ਨਾਲ ਲੈਸ ਇਸ ਬ੍ਰਿਜ ਦੇ ਨਿਰਮਾਣ ਦਾ ਕਾਰਜ ਫ਼ਾਸਟ–ਟ੍ਰੈਕ ਮੋਡ ਉੱਤੇ ਚਲ ਰਿਹਾ ਹੈ, ਜਿਸ ਨੂੰ ਦਸੰਬਰ 2021 ਤੱਕ ਪੂਰਾ ਕਰਨ ਦਾ ਟੀਚਾ ਹੈ। ਲਗਭਗ 280 ਕਰੋੜ ਦੀ ਲਾਗਤ ਨਾਲ ਬਣ ਰਿਹਾ ਇਹ ਬ੍ਰਿਜ ਪੁਰਾਣੇ ਪੁਲ਼ ਦੀ ਥਾਂ ਲਵੇਗਾ, ਜੋ 100 ਸਾਲਾਂ ਤੋਂ ਵੀ ਜ਼ਿਆਦਾ ਪੁਰਾਣਾ ਹੈ। ਨਵਾਂ ਬ੍ਰਿਜ ਇਸ ਦੇ ਸਮਾਨਾਂਤਰ ਬਣ ਰਿਹਾ ਹੈ। ਇਸ ਬ੍ਰਿਜ ਦੇ ਬਣਨ ਨਾਲ ਰੇਲ ਕਨੈਕਟੀਵਿਟੀ ਅਸਾਨ ਹੋਵੇਗੀ। ਨਾਲ ਹੀ, 2.07 ਕਿਲੋਮੀਟਰ ਲੰਬੇ ਇਸ ਬ੍ਰਿਜ ਨੂੰ ਇੱਕ ਖ਼ਾਸ ਤਕਨੀਕ ਨਾਲ ਬਣਾਇਆ ਜਾ ਰਿਹਾ ਹੈ, ਜਿਸ ਵਿੱਚ ਉਸ ਦਾ ਇੱਕ ਹਿੱਸਾ ਲਿਫ਼ਟ ਦੀ ਤਰ੍ਹਾਂ ਵਿਚਾਲਿਓਂ ਉਤਾਂਹ ਉਠ ਜਾਵੇਗਾ ਤੇ ਸਮੁੰਦਰੀ ਜਹਾਜ਼ਾਂ ਦੇ ਆਉਣ–ਜਾਣ ਲਈ ਇੱਕ ਰਾਹ ਬਣ ਜਾਵੇਗਾ। ਇਸ ਬ੍ਰਿਜ ਦੇ ਬਣਨ ਨਾਲ ਰਾਮੇਸ਼ਵਰਮ ਖੇਤਰ ਦੀ ਟੂਰਿਜ਼ਮ ਦੀ ਸਮਰੱਥਾ ਵਧੇਗੀ ਕਿਉਂਕਿ ਰਾਮੇਸ਼ਵਰਮ ਮੰਦਿਰ, ਧਨੁਸ਼ਕੋਡੀ ਅਤੇ ਰਾਮੇਸ਼ਵਰਮ ਜਯੋਤਿਰਲਿੰਗ ਦੇ ਦਰਸ਼ਨ ਲਈ ਵੱਡੀ ਸੰਖਿਆ ਵਿੱਚ ਸ਼ਰਧਾਲੂ ਹਰ ਸਾਲ ਇੱਥੇ ਆਉਂਦੇ ਹਨ।



## ਟ੍ਰਾਈਬਸ ਇੰਡੀਆ: ਹੁਣ ਆਦਿਵਾਸੀ ਕਲਾ ਨਾਲ ਜੁੜੇ ਉਤਪਾਦ ਵੀ ਈ-ਮਾਰਕਿਟ 'ਚ ਮਿਲਣਗੇ

ਆਦਿਵਾਸੀਆਂ ਨੂੰ ਆਮਦਨ ਵਧਾਉਣ ਤੇ ਉਨ੍ਹਾਂ ਦੀ ਖ਼ੁਸ਼ਹਾਲੀ ਸੁਨਿਸ਼ਚਿਤ ਕਰਨ ਦੀ ਦਿਸ਼ਾ ਵਿੱਚ ਕੇਂਦਰ ਸਰਕਾਰ ਨਵੀਂ ਪਹਿਲ ਲੈ ਕੇ ਆਈ ਹੈ। ਮਹਾਮਾਰੀ ਦੇ ਇਸ ਦੌਰ ਵਿੱਚ ਇਸ ਸਮਾਜ ਉੱਤੇ ਅਸਰ ਨਾ ਪਵੇ, ਇਸ ਲਈ ਟ੍ਰਾਈਫ਼ੈੱਡ ਦੇ ਸਹਿਯੋਗ ਨਾਲ ਗਾਂਧੀ ਜਯੰਤੀ ਮੌਕੇ 'ਤੇ ਈ–ਮਾਰਕਿਟ ਪਲੇਸ (www.market.tribesindia.com) ਸ਼ੁਰੂ ਕੀਤਾ ਗਿਆ ਹੈ। ਇਸ 'ਤੇ ਭਾਰਤ ਦੇ ਹੁਨਰ ਅਤੇ ਹਸਤਸ਼ਿਲਪ ਕਲਾ ਨਾਲ ਜੁੜੇ ਉਤਪਾਦ ਹੋਣਗੇ। ਵਣਵਾਸੀਆਂ ਦੇ ਵਣ ਉਤਪਾਦ ਜੁੜਨਗੇ ਅਤੇ ਕਬੀਲਿਆਂ ਦੀਆਂ ਹਸਤਕਲਾਵਾਂ ਜੁੜਨਗੀਆਂ। ਇਸ ਦੇਸ਼ ਵਿੱਚ ਜੋ ਵੀ ਬਣੇਗਾ, ਉਹ ਹੁਣ ਇਸ ਬਜ਼ਾਰ ਵਿੱਚ ਉਪਲਬਧ ਹੋਵੇਗਾ। ਇਸ ਵਿੱਚ ਸੈਲਫ਼ ਹੈਲਪ ਗਰੁੱਪ ਵੀ ਜੋੜੇ ਜਾਣਗੇ। ਇਸ ਵਿੱਚ 5 ਲੱਖ ਕਬਾਇਲੀ ਉਤਪਾਦਕਾਂ ਨੂੰ ਸ਼ਾਮਲ ਕਰਨਾ ਹੈ। ਭਾਰਤ ਨੂੰ ਆਤਮਨਿਰਭਰ ਬਣਾਉਣ ਅਤੇ 'ਵੋਕਲ ਫ਼ਾਰ ਲੋਕਲ' ਅਭਿਯਾਨ ਦੀ ਦਿਸ਼ਾ ਵਿੱਚ ਪਹਿਲਾਂ ਤੋਂ ਹੀ ਕੇਂਦਰ ਸਰਕਾਰ 'ਟ੍ਰਾਈਬਸ ਇੰਡੀਆ' ਨਾਮ ਨਾਲ ਦੇਸ਼ ਭਰ ਵਿੱਚ ਸਟੋਰ ਖੋਲ੍ਹ ਰਹੀ ਹੈ।

## ਭਾਰਤ ਦੇ ਅੱਠ ਸਮੁੰਦਰੀ ਤਟਾਂ ਨੂੰ ਪਹਿਲੀ ਵਾਰ ਮਿਲਿਆ ਅੰਤਰਰਾਸ਼ਟਰੀ ਸਨਮਾਨ



ਭਾਰਤ ਲਈ ਇਹ ਮਾਣ ਦਾ ਛਿਣ ਹੈ ਕਿ ਪਹਿਲੀ ਵਾਰ ਦੇਸ਼ ਦੇ 8 ਸਮੁੰਦਰੀ ਤਟਾਂ ਨੂੰ ਪ੍ਰਤਿਸ਼ਠਿਤ 'ਬਲੂ ਫ਼ਲੈਗ ਅੰਤਰਰਾਸ਼ਟਰੀ ਈਕੋ ਲੈਵਲ' ਨਾਲ ਨਿਵਾਜਿਆ ਗਿਆ ਹੈ। ਪਹਿਲੇ ਯਤਨ ਵਿੱਚ ਅਜਿਹੀ ਉਪਲਬਧੀ ਕਰਨ ਵਾਲਾ ਭਾਰਤ ਦੁਨੀਆ ਦਾ ਪਹਿਲਾ ਦੇਸ਼ ਬਣ ਗਿਆ ਹੈ। ਇੰਨਾ ਹੀ ਨਹੀਂ, ਏਸ਼ੀਆ ਪ੍ਰਸ਼ਾਂਤ ਖੇਤਰ ਵਿੱਚ ਵੀ ਉਹ ਪਹਿਲਾ ਦੇਸ਼ ਬਣਿਆ ਹੈ, ਜਿਸ ਨੇ ਮਹਿਜ਼ 2 ਸਾਲਾਂ ਵਿੱਚ ਇਹ ਉਪਲਬਧੀ ਹਾਸਲ ਕੀਤੀ ਹੈ। 1986 ਤੋਂ ਦਿੱਤਾ ਜਾ ਰਿਹਾ ਇਹ ਪੁਰਸਕਾਰ ਭਾਰਤ ਦੇ ਇਨ੍ਹਾਂ 8 ਤਟਾਂ ਨੂੰ ਮਿਲਿਆ ਹੈ – ਗੁਜਰਾਤ ਦਾ ਸ਼ਿਵਰਾਜਪੁਰ, ਦਮਣ ਅਤੇ ਦੀਵ ਦਾ ਘੋਗਲਾ, ਕਰਨਾਟਕ ਦਾ ਕਾਸਰਗੋਡ ਅਤੇ ਪਦੁਬਿਦ੍ਰੀ, ਕੇਰਲ ਦਾ ਕੱਪਡ, ਆਂਧਰ ਪ੍ਰਦੇਸ਼ ਰੁਸ਼ੀਕੋਂਡਾ, ਓਡੀਸ਼ਾ ਦਾ ਗੋਲਡਨ ਅਤੇ ਅੰਡਮਾਨ ਨਿਕੋਬਾਰ ਦਾ ਰਾਧਾਨਗਰ ਤਟ। ਵਿਸ਼ਵ ਬੈਂਕ ਨੇ ਵੀ ਭਾਰਤ ਦੇ ਤਟਵਰਤੀ ਇਲਾਕਿਆਂ ਦੇ ਪ੍ਰਬੰਧਨ ਦੀ ਸ਼ਲਾਘਾ ਕਰਦੇ ਹੋਏ ਹੋਰ ਦੇਸ਼ਾਂ ਲਈ ਪ੍ਰੇਰਕ ਦੱਸਿਆ ਸੀ। ਅਗਲੇ 4–5 ਸਾਲਾਂ ਵਿੱਚ ਭਾਰਤ ਨੇ 100 ਹੋਰ ਸਾਗਰ ਤਟਾਂ ਨੂੰ ਪੂਰੀ ਤਰ੍ਹਾਂ ਸਵੱਛ ਬਣਾਉਣ ਦਾ ਟੀਚਾ ਰੱਖਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਬਲੂ ਫ਼ਲੈਗ ਪ੍ਰਮਾਣਨ ਨੂੰ ਇੱਕ ਸ਼ਾਨਦਾਰ ਉਪਲਬਧੀ ਕਰਾਰ ਦਿੱਤਾ ਹੈ। ਵਾਤਾਵਰਣ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਖ਼ੁਦ ਤਟਾਂ ਦੀ ਸਫ਼ਾਈ ਕਰ ਕੇ ਜੋ ਰਾਹ ਦਿਖਾਇਆ ਸੀ, ਅੱਜ ਲੋਕ ਉਸ ਉੱਤੇ ਚਲ ਪਏ ਹਨ ਅਤੇ ਇਹ ਦੇਸ਼ ਲਈ ਮਾਣ ਵਾਲਾ ਛਿਣ ਹੈ। ਇਸ ਦੇ ਨਾਲ ਹੀ ਭਾਰਤ ਦੁਨੀਆ ਦੇ ਉਨ੍ਹਾਂ 50 ਦੇਸ਼ਾਂ ਵਿੱਚ ਸ਼ਾਮਲ ਹੋ ਗਿਆ ਹੈ, ਜਿਨ੍ਹਾਂ ਦੇ ਪਾਸ ਬਲੂ ਫ਼ਲੈਗ ਦਰਜੇ ਵਾਲੇ ਸਵੱਛ ਸਮੁੰਦਰੀ ਤਟ ਮੌਜੂਦ ਹਨ।

# ਪੈਨਸ਼ਨ 'ਚ ਜੀਵਨ ਪ੍ਰਮਾਣ ਪੱਤਰ ਦੀ ਰੁਕਾਵਟ ਡਿਜੀਟਲੀ ਕਰੋ ਦੂਰ



**ਮਸ਼ਹੂਰ ਟੀਵੀ ਲੜੀਵਾਰ 'ਆਫ਼ਿਸ-ਆਫ਼ਿਸ' ਦੇ ਮੁਸੱਦੀ ਲਾਲ ਵਾਂਗ ਖ਼ੁਦ ਨੂੰ ਜਿਊਂਦਾ ਸਿੱਧ ਕਰਨ ਲਈ ਹੁਣ ਤੁਹਾਨੂੰ ਬੈਂਕ, ਡਾਕਘਰ ਜਾਂ ਕੇਂਦਰੀ ਪੈਨਸ਼ਨ ਲੇਖਾ ਦਫ਼ਤਰ (ਪੀਪੀਏਓ) ਦੇ ਚੱਕਰ ਕੱਟਣ ਦੀ ਜ਼ਰੂਰਤ ਨਹੀਂ ਹੈ। ਬੱਸ ਤੁਸੀਂ ਸਮਾਰਟ ਫ਼ੋਨ ਜਾਂ ਕੰਪਿਊਟਰ ਉੱਤੇ ਜੀਵਨ ਪ੍ਰਮਾਣ ਐਪਲੀਕੇਸ਼ਨ ਵਿੱਚ ਜ਼ਰੂਰੀ ਜਾਣਕਾਰੀ ਭਰ ਕੇ ਘਰ ਜਾਂ ਕਾਮਨ ਸਰਵਿਸ ਸੈਂਟਰ ਤੋਂ ਡਿਜੀਟਲ ਲਾਈਫ਼ ਸਰਟੀਫ਼ਿਕੇਟ (ਡੀਐੱਲਸੀ) ਬਣਵਾ ਅਤੇ ਜਮ੍ਹਾਂ ਕਰਵਾ ਸਕਦੇ ਹਨ। ਕੇਂਦਰ ਸਰਕਾਰ ਦੁਆਰਾ 1 ਨਵੰਬਰ, 2019 ਨੂੰ ਸ਼ੁਰੂ ਕੀਤੀ ਗਈ ਇਸ ਸੁਵਿਧਾ ਦਾ ਲਾਭ 7 ਅਕਤੂਬਰ, 2020 ਤੱਕ 95 ਲੱਖ 15 ਹਜ਼ਾਰ ਪੈਨਸ਼ਨਰ ਲੈ ਚੁੱਕੇ ਹਨ।**

ਹਰ ਸਾਲ ਪੈਨਸ਼ਨਰਾਂ ਨੂੰ ਨਵੰਬਰ 'ਚ ਆਪਣੇ ਬੈਂਕ ਵਿੱਚ 'ਲਾਈਫ਼ ਸਰਟੀਫ਼ਿਕੇਟ' ਜਾਂ ਜੀਵਨ ਪ੍ਰਮਾਣ–ਪੱਤਰ ਜਮ੍ਹਾਂ ਕਰਵਾਉਣ ਦੀ ਜ਼ਰੂਰਤ ਹੁੰਦੀ ਹੈ। ਇਸ ਨਾਲ ਪੈਨਸ਼ਨ ਮਿਲਣ ਵਿੱਚ ਕਿਸੇ ਤਰ੍ਹਾਂ ਦੀ ਰੁਕਾਵਟ ਪੈਦਾ ਨਹੀਂ ਹੁੰਦੀ ਹੈ। ਪਹਿਲਾਂ ਪੈਨਸ਼ਨਰਾਂ ਨੂੰ ਫ਼ਿਜ਼ੀਕਲੀ ਭਾਵ ਖ਼ੁਦ ਇਸ ਸਰਟੀਫ਼ਿਕੇਟ ਨੂੰ ਜਮ੍ਹਾਂ ਕਰਵਾਉਣਾ ਪੈਂਦਾ ਸੀ। ਲੇਕਿਨ, ਹੁਣ ਇਹ ਕੰਮ ਔਨਲਾਈਨ ਕੀਤਾ ਜਾ ਸਕਦਾ ਹੈ। ਕੇਂਦਰ ਤੇ ਰਾਜ ਸਰਕਾਰ ਦੇ 1 ਕਰੋੜ ਸਰਕਾਰੀ ਪੈਨਸ਼ਨਰਾਂ ਤੋਂ ਇਲਾਵਾ ਈਪੀਐੱਫ਼ਓ ਕਰਮਚਾਰੀ ਪੈਨਸ਼ਨ ਯੋਜਨਾ (ਈਪੀਐੱਸ) ਦੇ ਪੈਨਸ਼ਨਰ ਵੀ ਇਸ ਡਿਜੀਟਲ ਜੀਵਨ ਪ੍ਰਮਾਣ–ਪੱਤਰ ਦਾ ਲਾਭ ਲੈ ਸਕਦੇ ਹਨ। ਉਮੰਗ ਐਪ ਨਾਲ ਜੀਵਨ ਪ੍ਰਮਾਣ–ਪੱਤਰ ਬਣਾਉਣ ਦੀ ਸੁਵਿਧਾ ਵੀ ਦਿੱਤੀ ਗਈ ਹੈ। ਕਰਮਚਾਰੀ ਪ੍ਰੋਵੀਡੈਂਟ ਫ਼ੰਡ ਸੰਗਠਨ ਨੇ ਤਾਂ ਉਮੰਗ ਐਪ ਨਾਲ ਡਿਜੀਟਲ ਜੀਵਨ ਪ੍ਰਮਾਣ–ਪੱਤਰ ਜਮ੍ਹਾਂ ਕਰਵਾਉਣ ਦੀ ਸੁਵਿਧਾ ਇੱਕ ਸਾਲ ਦੀ ਵੈਧਤਾ ਨਾਲ ਦਿੱਤੀ ਹੈ। ਸਰਕਾਰ ਨੇ 80 ਸਾਲ ਤੋਂ ਉੱਪਰ ਦੀ ਉਮਰ ਦੇ ਪੈਨਸ਼ਨਰਾਂ ਲਈ ਘਰ ਜਾ ਕੇ ਜੀਵਨ ਪ੍ਰਮਾਣ–ਪੱਤਰ ਤਿਆਰ ਕੀਤੇ ਜਾਣ ਤੋਂ ਇਲਾਵਾ ਹਸਪਤਾਲ ਦੇ ਆਈਸੀਯੂ ਵਿੱਚ ਵੀ ਬਣਾਏ ਜਾਣ ਦੇ ਵਿਕਲਪ ਸ਼ਾਮਲ ਕੀਤੇ ਗਏ ਹਨ। ਇਹ ਸੁਵਿਧਾ ਜੀਵਨ ਪ੍ਰਮਾਣ 2.0 ਵਿੱਚ ਜੋੜੀ ਗਈ ਹੈ। ਪਹਿਲਾਂ ਇਸ ਨੂੰ ਆਧਾਰ ਕੇਂਦਰ ਨਾਲ ਲਿੰਕ ਕੀਤਾ ਗਿਆ ਸੀ। 2014 ਤੋਂ 7 ਅਕਤੂਬਰ, 2020 ਤੱਕ ਲਗਭਗ 3.58 ਕਰੋੜ ਡਿਜੀਟਲ ਜੀਵਨ ਪ੍ਰਮਾਣ–ਪੱਤਰ ਜਮ੍ਹਾਂ ਕਰਵਾਏ ਜਾ ਚੁੱਕੇ ਹਨ। ਉੱਧਰ 1 ਨਵੰਬਰ, 2019 ਤੋਂ 7 ਅਕਤੂਬਰ, 2020 ਤੱਕ 95.15 ਲੱਖ ਪੈਨਸ਼ਨਰ ਆਪਣਾ ਡਿਜੀਟਲ ਜੀਵਨ ਪ੍ਰਮਾਣ–ਪੱਤਰ ਜਮ੍ਹਾਂ ਕਰਵਾ ਚੁੱਕੇ ਹਨ।

ਕੇਂਦਰ ਸਰਕਾਰ ਨੇ ਪਿਛਲੇ ਸਾਲ ਤੋਂ 80 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਪੈਨਸ਼ਨਰਾਂ ਨੂੰ ਇੱਕ ਮਹੀਨਾ ਪਹਿਲਾਂ 1 ਅਕਤੂਬਰ ਤੋਂ ਹੀ ਜੀਵਨ ਪ੍ਰਮਾਣ–ਪੱਤਰ ਜਮ੍ਹਾਂ ਕਰਵਾਉਣ ਦੀ ਛੂਟ ਦਿੱਤੀ ਹੈ, ਤਾਕਿ ਉਨ੍ਹਾਂ ਨੂੰ ਨਵੰਬਰ ਮਹੀਨੇ ਦੀ ਭੀੜ ਤੋਂ ਬਚਾਇਆ ਜਾ ਸਕੇ। ਕੋਰੋਨਾ ਕਾਰਣ ਇਸ ਵਰ੍ਹੇ ਸਾਰੇ ਪੈਨਸ਼ਨਰਾਂ ਨੂੰ 1 ਨਵੰਬਰ ਤੋਂ 31 ਦਸੰਬਰ, 2020 ਤੱਕ ਜੀਵਨ ਪ੍ਰਮਾਣ–ਪੱਤਰ ਜਮ੍ਹਾਂ ਕਰਵਾਉਣ ਦੀ ਛੂਟ ਦਿੱਤੀ ਗਈ ਹੈ। ਬੈਂਕ ਜਾਂ ਡਾਕਘਰ ਵਿੱਚ ਜੀਵਨ ਪ੍ਰਮਾਣ–ਪੱਤਰ ਜਮ੍ਹਾਂ ਕਰਨ ਲਈ ਲਗਣ ਵਾਲੀ ਭੀੜ ਇਸ ਯੋਜਨਾ ਨਾਲ ਲਗਭਗ ਖ਼ਤਮ ਹੋ ਗਈ ਹੈ।



## ਜੀਵਨ ਪ੍ਰਮਾਣ-ਪੱਤਰ ਯੋਜਨਾ ਦਾ ਕੀ ਹੈ ਉਦੇਸ਼

ਜੀਵਨ ਪ੍ਰਮਾਣ–ਪੱਤਰ ਯੋਜਨਾ ਵਿੱਚ ਪੈਨਸ਼ਰਾਂ ਦੇ ਜਿਊਂਦੇ ਹੋਣ ਦੀ ਪ੍ਰਕਿਰਿਆ ਨੂੰ ਅਸਾਨ ਬਣਾਉਣ ਦਾ ਯਤਨ ਕੀਤਾ ਗਿਆ ਹੈ। ਯੋਜਨਾ ਵਿੱਚ ਅਜਿਹੀਆਂ ਵਿਵਸਥਾਵਾਂ ਕੀਤੀਆਂ ਗਈਆਂ ਹਨ ਕਿ ਪੈਨਸ਼ਨ ਲੈਣ ਲਈ ਪੈਨਸ਼ਨਰ ਨੂੰ ਸਰਕਾਰੀ ਦਫ਼ਤਰਾਂ ਦੇ ਚੱਕਰ ਨਾ ਕੱਟਣੇ ਪੈਣ। ਪੈਨਸ਼ਨਰਾਂ ਦੀ ਬਾਇਓਮੀਟ੍ਰਿਕ ਪ੍ਰਮਾਣਿਕਤਾ ਵਿੱਚ ਆਧਾਰ ਨੰਬਰ ਦਾ ਇਸਤੇਮਾਲ ਕਰ ਕੇ ਪ੍ਰਮਾਣੀਕਰਣ ਤੋਂ ਬਾਅਦ ਤਿਆਰ ਇਹ ਜੀਵਨ ਪ੍ਰਮਾਣ–ਪੱਤਰ ਕੋਸ਼ ਵਿੱਚ ਜਮ੍ਹਾਂ ਹੋ ਜਾਂਦਾ ਹੈ। ਜਿੱਥੋਂ ਪੈਨਸ਼ਨ ਖਾਤਿਆਂ ਵਿੱਚ ਪਹੁੰਚਾਉਣ ਵਾਲੀ ਏਜੰਸੀ ਪ੍ਰਮਾਣ–ਪੱਤਰ ਔਨਲਾਈਨ ਦੇਖ ਸਕਦੀ ਹੈ।

## ਕੀ ਹੈ ਡਿਜੀਟਲ ਲਾਈਫ਼ ਸਰਟੀਫ਼ਿਕੇਟ?

ਪੈਨਸ਼ਨਰਾਂ ਦੀਆਂ ਮੁਸ਼ਕਿਲਾਂ ਅਸਾਨ ਕਰਨ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 10 ਨਵੰਬਰ, 2014 ਨੂੰ ਜੀਵਨ ਪ੍ਰਮਾਣ ਐਪਲੀਕੇਸ਼ਨ ਲਾਂਚ ਕੀਤੀ। ਇਸ ਵਿੱਚ ਜੀਵਨ ਪ੍ਰਮਾਣ–ਪੱਤਰ ਨੂੰ ਆਧਾਰ ਨਾਲ ਜੋੜਿਆ ਗਿਆ। ਇਸ ਨੂੰ ਜੀਵਨ ਪ੍ਰਮਾਣ 2.0 ਵਿੱਚ ਅਸਾਨ ਕੀਤਾ ਗਿਆ। ਹੁਣ ਪੈਨਸ਼ਨਰ ਵਿਅਕਤੀ ਨੂੰ ਬੈਂਕ ਜਾਂ ਡਾਕਘਰ ਜਾਣ ਦੀ ਜ਼ਰੂਰਤ ਨਹੀਂ ਪੈਂਦੀ, ਸਗੋਂ ਘਰ ਜਾਂ ਕਾਮਨ ਸਰਵਿਸ ਸੈਂਟਰ ਵਿੱਚ ਆਧਾਰ–ਬਾਇਓਮੀਟ੍ਰਿਕ ਨਾਲ ਪ੍ਰਮਾਣੀਕਰਣ ਹੋ ਜਾਂਦਾ ਹੈ। ਹਰ ਸਾਲ ਨਵੰਬਰ 'ਚ ਜੀਵਨ ਪ੍ਰਮਾਣ–ਪੱਤਰ ਲਈ ਚੱਕਰ ਕੱਟਣ ਦੀ ਜ਼ਰੂਰਤ ਵੀ ਖ਼ਤਮ ਹੋ ਗਈ।

## ਕੀ ਹੈ ਪ੍ਰਕਿਰਿਆ

ਪੈਨਸ਼ਨਰ ਵਿਅਕਤੀ ਦੇ ਆਧਾਰ ਨੰਬਰ ਨੂੰ ਈ–ਮੇਲ ਨਾਲ ਜੋੜਿਆ ਜਾਂਦਾ ਹੈ। ਈ–ਮੇਲ ਉੱਤੇ ਆਉਣ ਵਾਲੇ ਲਿੰਕ ਨਾਲ ਔਥੈਂਟਿਕੇਸ਼ਨ ਸਟੇਟਮੈਂਟ ਭੇਜਣੀ ਹੁੰਦੀ ਹੈ, ਜਿਸ ਨਲ ਬਿਨਾ ਆਧਾਰ ਕੇਂਦਰ ਉੱਤੇ ਗਏ ਪੈਨਸ਼ਨਰ ਦੀ ਤਸਦੀਕ ਹੋ ਜਾਂਦੀ ਹੈ। ਪ੍ਰਮਾਣਿਕਤਾ ਤੋਂ ਬਾਅਦ ਆਧਾਰ ਐਪ ਜ਼ਰੀਏ ਈਮੇਲ ਉੱਤੇ ਮਿਲੀ ਜਾਣਕਾਰੀ ਰੀਅਲ ਟਾਈਮ ਉੱਤੇ ਮਿਤੀ, ਸਮਾਂ ਅਤੇ ਬਾਇਓਮੀਟ੍ਰਿਕ ਸੂਚਨਾ



ਨਾਲ ਸੈਂਟਰਲ ਡਾਟਾਬੇਸ ਵਿੱਚ ਜਮ੍ਹਾਂ ਹੋ ਜਾਂਦਾ ਹੈ। ਇਸ ਤੋਂ ਬਾਅਦ ਪੈਨਸ਼ਨਰ ਨੂੰ ਰਜਿਸਟਰਡ ਮੋਬਾਈਲ ਨੰਬਰ ਉੱਤੇ ਐੱਸਐੱਮਐੱਸ ਆਉਂਦਾ ਹੈ। ਇਸ ਵਿੱਚ ਮਿਲੀ ਟ੍ਰਾਂਜ਼ੈਕਸ਼ਨ ਆਈਡੀ ਨਾਲ ਪੈਨਸ਼ਨਰ https://jeevanpramaan.gov.in ਉੱਤੇ ਜਾ ਕੇ ਕੰਪਿਊਟਰ ਦੁਆਰਾ ਤਿਆਰ ਜੀਵਨ ਪ੍ਰਮਾਣ-ਪੱਤਰ ਡਾਊਨਲੋਡ ਕਰ ਸਕਦਾ ਹੈ

## ਈਪੀਐੱਫਓ ਦੇ ਪੈਨਸ਼ਨਰ ਹੁਣ ਸਾਲ 'ਚ ਕਦੇ ਵੀ ਜਮ੍ਹਾਂ ਕਰਵਾ ਸਕਣਗੇ ਜੀਵਨ ਪ੍ਰਮਾਣ

ਕਰਮਚਾਰੀ ਪ੍ਰੋਵੀਡੈਂਟ ਫ਼ੰਡ ਸੰਗਠਨ (ਈਪੀਐੱਫਓ) ਤੋਂ ਪੈਨਸ਼ਨ ਲੈਣ ਵਾਲੇ ਧਾਰਕਾਂ ਨੂੰ ਵੀ ਪਹਿਲਾਂ ਹਰ ਸਾਲ ਨਿਸ਼ਚਿਤ ਸਮੇਂ 'ਤੇ ਜੀਵਨ ਪ੍ਰਮਾਣ-ਪੱਤਰ ਜਮ੍ਹਾਂ ਕਰਵਾਉਣਾ ਹੁੰਦਾ ਸੀ। ਪਰ ਹੁਣ ਪੈਨਸ਼ਨਰਾਂ ਦੀ ਸੁਵਿਧਾ ਲਈ ਇਹ ਨਿਯਮ ਬਦਲ ਦਿੱਤਾ ਗਿਆ ਹੈ। ਹੁਣ ਆਪਣੀ ਸੁਵਿਧਾ ਅਨੁਸਾਰ ਪੈਨਸ਼ਨਰ ਸਾਲ ਭਰ ਵਿੱਚ ਕਦੇ ਵੀ ਜੀਵਨ ਪ੍ਰਮਾਣ-ਪੱਤਰ ਜਮ੍ਹਾਂ ਕਰਵਾ ਸਕਦਾ ਹੈ। ਇਹ ਇੱਕ ਸਾਲ ਵੈਧ ਰਹੇਗਾ। ਇਹ ਪ੍ਰਮਾਣ-ਪੱਤਰ ਆਫ਼ਿਸ ਜਾ ਕੇ ਔਫ਼ਲਾਈਨ ਵੀ ਜਮ੍ਹਾਂ ਕਰਵਾਇਆ ਜਾ ਸਕਦਾ ਹੈ।

## ਕਿਹੜੇ ਦਸਤਾਵੇਜ਼ ਹਨ ਜ਼ਰੂਰੀ

ਡਿਜੀਟਲ ਜੀਵਨ ਪ੍ਰਮਾਣ-ਪੱਤਰ ਦੇ ਬਾਇਓਮੀਟ੍ਰਿਕ ਵੈਰੀਫ਼ਿਕੇਸ਼ਨ ਦੌਰਾਨ ਤੁਹਾਨੂੰ ਆਧਾਰ ਕਾਰਡ ਨੰਬਰ, ਪੈਨਸ਼ਨ ਪੇਮੈਂਟ ਆਰਡਰ (ਪੀਪੀਓ) ਨੰਬਰ, ਬੈਂਕ ਖਾਤੇ ਦਾ ਵੇਰਵਾ ਤੇ ਮੋਬਾਈਲ ਨੰਬਰ ਪਾਉਣਾ ਹੁੰਦਾ ਹੈ।

## ਉਮੰਗ ਐਪ ਨਾਲ ਵੀ ਤਿਆਰ ਕਰ ਸਕਦੇ ਹਾਂ ਡੀਐੱਲਸੀ

ਉਮੰਗ ਐਪ ਉੱਤੇ ਜੀਵਨ ਪ੍ਰਮਾਣ-ਪੱਤਰ ਬਣਾਉਣ ਲਈ ਤੁਹਾਡੇ ਕੋਲ ਯੂਆਈਡੀਏਆਈ ਨਾਲ ਪ੍ਰਮਾਣਿਤ ਬਾਇਓ-ਮੀਟ੍ਰਿਕ ਡਿਵਾਈਸ ਹੋਣਾ ਚਾਹੀਦਾ ਹੈ। ਐਪ ਇੰਸਟਾਲ ਕਰਨ ਤੋਂ ਬਾਅਦ ਉਸ ਵਿੱਚ ਜੀਵਨ ਪ੍ਰਮਾਣ ਸਰਚ ਕਰੋ। ਸਾਹਮਣੇ ਜਨਰੇਟ ਲਾਈਫ਼ ਸਰਟੀਫ਼ਿਕੇਟ ਦਾ ਔਪਸ਼ਨ ਆਵੇਗਾ। ਉਸ ਨੂੰ ਕਲਿੱਕ ਕਰੋ। ਇੱਕ ਫ਼ਾਰਮ ਖੁੱਲ੍ਹੇਗਾ, ਜਿਸ ਵਿੱਚ ਮੰਗੀ ਗਈ ਜਾਣਕਾਰੀ ਭਰੋ। ਫਿਰ ਬਾਇਓ-ਮੀਟ੍ਰਿਕ ਦੇ ਪ੍ਰਮਾਣੀਕਰਣ ਦੀ ਪ੍ਰਕਿਰਿਆ ਸ਼ੁਰੂ ਕਰੋ। ਜਦੋਂ ਪ੍ਰਕਿਰਿਆ ਪੂਰੀ ਹੋ ਜਾਵੇਗੀ, ਤਦ ਜੀਵਨ ਪ੍ਰਮਾਣ ਆਈਡੀ ਜਾਂ ਫਿਰ ਆਧਾਰ ਨੰਬਰ ਦਰਜ ਕਰ ਕੇ ਡੀਐੱਲਸੀ ਵੇਖ ਸਕਦੇ ਹੋ।

## ਉਹ ਜੋ ਤੁਸੀਂ ਜਾਣਨਾ ਚਾਹੁੰਦੇ ਹੋ

- ਪੁਰਾਣੇ ਰਵਾਇਤੀ ਪ੍ਰਮਾਣ ਪੱਤਰ ਵਾਂਗ ਇਸ ਨੂੰ ਬੈਂਕ ਜਾਂ ਪੋਸਟ ਆਫ਼ਿਸ ਵਿੱਚ ਖ਼ੁਦ ਜਾ ਕੇ ਜਮ੍ਹਾਂ ਕਰਵਾਉਣ ਦੀ ਜ਼ਰੂਰਤ ਨਹੀਂ ਹੈ। ਯੂਨੀਕ ਪ੍ਰਮਾਣ ਆਈਡੀ ਵਾਲਾ ਇਹ ਪ੍ਰਮਾਣ-ਪੱਤਰ ਏਜੰਸੀ ਖ਼ੁਦ ਪਲੈਟਫ਼ਾਰਮ ਉੱਤੇ ਡਿਜੀਟਲੀ ਖੋਲ੍ਹ ਕੇ ਵੇਖ ਸਕਦੀ ਹੈ।
- ਪੈਨਸ਼ਨ ਮਨਜ਼ੂਰ ਕਰਨ ਵਾਲੀ ਏਜੰਸੀ ਜਿੰਨੇ ਦਿਨ ਦੀ ਵੈਧਤਾ ਤੈਅ ਕਰੇਗੀ, ਓਨੇ ਦਿਨਾਂ ਵਿੱਚ ਵੈਧਤਾ ਖ਼ਤਮ ਹੋ ਜਾਵੇਗੀ। ਇੱਕ ਵਾਰ ਵੈਧਤਾ ਖ਼ਤਮ ਹੋਣ 'ਤੇ ਮੁੜ ਜੀਵਨ ਪ੍ਰਮਾਣ-ਪੱਤਰ ਲੈਣਾ ਹੋਵੇਗਾ।
- ਡੀਐੱਲਸੀ ਉਹੀ ਪੈਨਸ਼ਨਰ ਲੈ ਸਕਦਾ ਹੈ, ਜਿਸ ਦੇ ਪੈਨਸ਼ਨ ਮਨਜ਼ੂਰੀ ਅਥਾਰਿਟੀ ਨੇ ਜੀਵਨ ਪ੍ਰਮਾਣ ਵਿੱਚ ਖ਼ੁਦ ਨੂੰ ਸ਼ਾਮਲ ਕੀਤਾ ਹੋਵੇ।
- ਤੁਹਾਡਾ ਡੀਐੱਲਸੀ ਪ੍ਰਵਾਨ ਹੋਇਆ ਹੈ ਜਾਂ ਨਹੀਂ, ਇਸ ਦੀ ਜਾਣਕਾਰੀ ਜੀਵਨ ਪ੍ਰਮਾਣ ਵੈੱਬਸਾਈਟ ਤੋਂ ਡਾਊਨਲੋਡ ਕਰਨ ਉੱਤੇ ਮਿਲੇਗੀ। jeevanpramaan.gov.in ਵੈੱਬਸਾਈਟ ਉੱਤੇ ਡੀਐੱਲਸੀ ਬਣਾਉਣ ਦੀ ਸੁਵਿਧਾ ਨਹੀਂ ਹੈ।
- ਜੀਵਨ ਪ੍ਰਮਾਣ ਐਪਲੀਕੇਸ਼ਨ ਕੇਵਲ ਪੈਨਸ਼ਨਰ ਦੇ ਜੀਵਨ ਪ੍ਰਮਾਣ-ਪੱਤਰ ਦੀ ਰਜਿਸਟ੍ਰੇਸ਼ਨ ਲਈ ਹੀ ਬਣਾਇਆ ਗਿਆ ਹੈ। ਕਿਸੇ ਹੋਰ ਕੰਮ ਲਈ ਐਪਲੀਕੇਸ਼ਨ ਦੀ ਵਰਤੋਂ ਕਰਨ ਦੀ ਮਨਾਹੀ ਹੈ। ਕੇਂਦਰ ਸਰਕਾਰ, ਰਾਜ ਸਰਕਾਰ ਜਾਂ ਹੋਰ ਸਰਕਾਰੀ ਸੰਸਥਾਵਾਂ ਦੇ ਪੈਨਸ਼ਨਭੋਗੀ ਇਸ ਸੇਵਾ ਦਾ ਲਾਭ ਉਠਾ ਸਕਦੇ ਹਨ।

## ਤੁਹਾਡੇ ਕੰਮ ਦੀ ਗੱਲ

- ਵੈੱਬਸਾਈਟ: https://jeevanpramaan.gov.in/
- ਮੇਲ: jeevanpramaan@gov.in
- ਹੈਲਪਲਾਈਨ: (91)-020-3076200
- ਜੀਵਨ ਪ੍ਰਮਾਣ ਸੈਂਟਰ ਲਈ ਐੱਸਐੱਮਐੱਸ:
- JPL <ਪਿੰਨਕੋਡ> ਲਿਖ ਕੇ 7738299899 ਉੱਤੇ ਐੱਸਐੱਮਐੱਸ ਕਰਨ ਉੱਤੇ ਤੁਹਾਡੇ ਮੋਬਾਈਲ ਉੱਤੇ ਲਾਗਲੇ ਕੇਂਦਰ ਦਾ ਪਤਾ ਅਤੇ ਲੋਕੇਸ਼ਨ ਆ ਜਾਣਗੇ।

# ਰਣਨੀਤਕ-ਆਰਥਿਕ ਮਜ਼ਬੂਤੀ ਦਾ ਪ੍ਰਤੀਕ ਬਣੀ ਅਟਲ ਸੁਰੰਗ




**ਰੋਹਤਾਂਗ 'ਚ ਮਨਾਲੀ-ਲੇਹ ਰਾਜਮਾਰਗ ਉੱਤੇ ਟਨਲ ਦੇ ਨਿਰਮਾਣ ਦਾ ਸੁਪਨਾ ਕੇਂਦਰ ਸਰਕਾਰ ਦੀਆਂ ਚੋਟੀ ਦੀਆਂ ਤਰਜੀਹਾਂ ਕਾਰਣ ਸਿਰਫ਼ ਛੇ ਸਾਲਾਂ ਵਿੱਚ ਹੋਇਆ ਸਾਕਾਰ। 9.02 ਕਿਲੋਮੀਟਰ ਲੰਬੀ ਇਹ ਟਨਲ ਭਾਰਤ ਦੇ ਆਤਮਨਿਰਭਰ ਬਣਨ ਦੇ ਸੰਕਲਪ ਦੀ ਚਮਕਦੀ ਮਿਸਾਲ ਬਣੀ। ਹੁਣ ਸਥਾਨਕ ਲੋਕਾਂ ਲਈ ਇਹ ਨਵੀਂ ਜੀਵਨ ਰੇਖਾ ਜ਼ਿੰਦਗੀ ਦੀ ਰਾਹ ਅਸਾਨ ਕਰੇਗੀ, ਉੱਥੇ ਹਥਿਆਰਬੰਦ ਬਲਾਂ ਨੂੰ ਵੀ ਦੂਰ-ਦੁਰਾਡੇ ਦੇ ਸਰਹੱਦੀ ਖੇਤਰਾਂ ਵਿੱਚ ਪੁੱਜਣਾ ਸਹਿਜ ਹੋਵੇਗਾ**

ਸਰਦੀਆਂ 'ਚ ਬਰਫ਼ਬਾਰੀ ਕਾਰਣ ਰੋਹਤਾਂਗ ਦੱਰੇ ਨੇੜੇ ਮਨਾਲੀ-ਲੇਹ ਹਾਈਵੇਅ ਪੰਜ-ਛੇ ਮਹੀਨਿਆਂ ਲਈ ਠੱਪ ਪੈ ਜਾਂਦਾ ਸੀ ਅਤੇ ਇਹ ਖੇਤਰ ਦੇਸ਼ ਦੇ ਹੋਰਨਾਂ ਹਿੱਸਿਆਂ ਤੋਂ ਪੂਰੀ ਤਰ੍ਹਾਂ ਕੱਟਿਆ ਰਹਿੰਦਾ ਸੀ। ਪਰ ਹੁਣ ਇਹ ਸਕ ਪੂਰੇ ਸਾਲ ਲਈ ਖੁੱਲ੍ਹ ਗਈ ਹੈ। ਰੋਹਤਾਂਗ ਦੱਰੇ ਨੂੰ ਬਾਈਪਾਸ ਕਰਨ ਲਈ ਮਨਾਲੀ ਲੇਹ ਹਾਈਵੇਅ ਉੱਤੇ ਟਨਲ ਦੇ ਨਿਰਮਾਣ ਦਾ ਸੁਪਨਾ ਕੇਂਦਰ ਸਰਕਾਰ ਦੀਆਂ ਚੋਟੀ ਦੀਆਂ ਤਰਜੀਹਾਂ ਕਾਰਨ ਸਾਕਾਰ ਹੋ ਸਕਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 3 ਅਕਤੂਬਰ ਨੂੰ ਇਸ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ। ਇਸ ਟਨਲ ਦੇ ਨਿਰਮਾਣ ਦੇ ਨਾਲ ਹੀ ਲੱਦਾਖ ਵਿੱਚ ਫ਼ੌਜ ਨੂੰ ਹਥਿਆਰ ਅਤੇ ਰਾਸ਼ਨ ਦੀ ਸਪਲਾਈ ਅਸਾਨ ਹੋਵੇਗੀ। ਸਥਾਨਕ ਕਿਸਾਨ, ਬਾਗ਼ਬਾਨੀ ਤੇ ਹੋਰ ਕਾਰੋਬਾਰਾਂ ਨਾਲ ਜੁੜੇ ਲੋਕਾਂ ਨੂੰ ਦੇਸ਼ ਦੇ ਹੋਰ ਹਿੱਸਿਆਂ ਦੇ ਬਜ਼ਾਰ ਨਾਲ ਸਾਲ ਭਰ ਜੁੜੇ ਰਹਿਣ ਦੀ ਸੁਵਿਧਾ ਮਿਲ ਸਕੇਗੀ।

ਇਸ ਸੁਰੰਗ ਦੀ ਨੀਂਹ 26 ਮਈ, 2002 ਨੂੰ ਪਹੁੰਚ-ਮਾਰਗ ਦੇ ਨੀਂਹ-ਪੱਥਰ ਨਾਲ ਸਵਰਗੀ ਪ੍ਰਧਾਨ ਮੰਤਰੀ ਅਤੇ ਭਾਰਤ ਰਤਨ ਅਟਲ ਬਿਹਾਰੀ ਵਾਜਪੇਈ ਨੇ ਰੱਖੀ ਸੀ। ਪਰ ਬਾਅਦ ਦੀ ਸਰਕਾਰ ਨੇ ਇਸ ਨੂੰ ਤਰਜੀਹ ਨਹੀਂ ਦਿੱਤੀ। ਸਾਲ 2014 'ਚ ਨਵੀਂ ਸਰਕਾਰ ਨੇ ਇਸ ਨੂੰ ਆਪਣੀਆਂ ਚੋਟੀ ਦੀਆਂ ਤਰਜੀਹਾਂ ਵਿੱਚ ਰੱਖਿਆ। ਤਦ ਮਾਹਿਰਾਂ ਨੇ ਇਸ ਨੂੰ ਪੂਰਾ ਕਰਨ ਵਿੱਚ 26 ਸਾਲਾਂ ਦਾ ਸਮਾਂ ਦੱਸਿਆ ਸੀ ਪਰ ਸਿਰਫ਼ ਛੇ ਸਾਲਾਂ ਵਿੱਚ ਦੁਨੀਆ ਦੀ ਸਭ ਤੋਂ ਉੱਚੀ ਤੇ ਲੰਬੀ ਇਹ ਰੋਡ ਟਨਲ ਭਾਰਤ ਦੇ ਆਤਮਨਿਰਭਰ ਬਣਨ ਦੇ ਸੰਕਲਪ ਦੀ ਇੱਕ ਰੋਸ਼ਨ ਮਿਸਾਲ ਹੈ। ਪਿਛਲੇ ਵਰ੍ਹੇ 25 ਦਸੰਬਰ ਨੂੰ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਇਸ ਰੋਹਤਾਂਗ ਟਨਲ ਨੂੰ 'ਅਟਲ ਟਨਲ' ਦਾ ਨਾਮ ਦਿੱਤਾ ਸੀ।

## ਸਰਹੱਦੀ ਖੇਤਰ ਹੋ ਰਹੇ ਸਸ਼ਕਤ

ਅਟਲ ਟਨਲ ਬਾਰਡਰ ਇਨਫ੍ਰਾਸਟ੍ਰਕਚਰ ਨੂੰ ਮਜ਼ਬੂਤ ਕਰਨ ਵਾਲੀ ਹੈ, ਜੋ ਬਾਰਡਰ ਕਨੈਕਟੀਵਿਟੀ ਦੀ ਸਭ ਤੋਂ ਅਦਭੁਤ ਮਿਸਾਲ ਹੈ। 2002 'ਚ ਉਦਘਾਟਨ ਦੇ ਬਾਅਦ ਤੋਂ 2013-14 ਤੱਕ ਸਿਰਫ਼ 1,300 ਮੀਟਰ ਟਨਲ ਦਾ ਕੰਮ ਹੋ ਸਕਿਆ ਸੀ। ਉਸੇ ਰਫ਼ਤਾਰ ਨਾਲ ਕੰਮ ਹੁੰਦਾ, ਤਾਂ ਇਹ 2040 ਵਿੱਚ ਜਾ ਕੇ ਮੁਕੰਮਲ ਹੁੰਦਾ। ਪਰ ਸਰਕਾਰ ਨੇ ਸੀਮਾ ਸੜਕ ਸੰਗਠਨ (ਬੀਆਰਓ) ਦੇ ਅੜਿੱਕੇ ਦੂਰ ਕਰਦਿਆਂ ਉਸ ਨੂੰ ਰਫ਼ਤਾਰ ਦਿੱਤੀ। ਕੰਮ ਵਿੱਚ ਦੇਰੀ ਕਾਰਨ ਇਸ ਦੀ ਲਾਗਤ ਵੀ 950 ਕਰੋੜ ਰੁਪਏ ਤੋਂ ਵਧ ਕੇ 3,200 ਕਰੋੜ ਰੁਪਏ 'ਤੇ ਪੁੱਜ ਗਈ। ਪ੍ਰਧਾਨ ਮੰਤਰੀ ਨੇ ਉਦਘਾਟਨ ਮੌਕੇ ਕਿਹਾ ਵੀ,'ਸਰਹੱਦੀ ਖੇਤਰਾਂ ਦੀ ਕਨੈਕਟੀਵਿਟੀ ਸਿੱਧੀ ਦੇਸ਼ ਦੀਆਂ ਰੱਖਿਆ ਜ਼ਰੂਰਤਾਂ ਨਾਲ ਜੁੜੀ ਹੁੰਦੀ ਹੈ। ਲੇਕਿਨ



## ਕਿਉਂ ਖ਼ਾਸ ਹੈ ਅਟਲ ਟਨਲ

- ਅਟਲ ਟਨਲ ਬਣਨ ਨਾਲ ਲੱਦਾਖ 'ਚ ਤੈਨਾਤ ਭਾਰਤੀ ਫ਼ੌਜ ਨੂੰ ਕਾਫ਼ੀ ਮਦਦ ਮਿਲੇਗੀ। ਹੁਣ ਸਰਦੀਆਂ 'ਚ ਵੀ ਹਥਿਆਰ ਅਤੇ ਰਾਸ਼ਨ ਦੀ ਸਪਲਾਈ ਅਸਾਨੀ ਨਾਲ ਹੋ ਸਕੇਗੀ।
- ਟਨਲ ਹਥਿਆਰਬੰਦ ਬਲਾਂ ਨੂੰ ਲੱਦਾਖ ਤੱਕ ਪੁੱਜਣ ਵਿੱਚ ਬਿਹਤਰ ਕਨੈਕਟੀਵਿਟੀ ਪ੍ਰਦਾਨ ਕਰੇਗੀ।
- ਅਟਲ ਟਨਲ ਰੋਹਤਾਂਗ ਤੋਂ ਕਬਾਇਲੀ ਖੇਤਰ ਲਾਹੌਲ-ਸਪਿਤੀ ਜ਼ਿਲ੍ਹੇ ਦੀ ਅਰਥਵਿਵਸਥਾ ਮਜ਼ਬੂਤ ਹੋਵੇਗੀ।
- ਅਟਲ ਟਨਲ ਰੋਹਤਾਂਗ ਬਣਨ ਨਾਲ ਟੂਰਿਜ਼ਮ ਨਗਰੀ ਮਨਾਲੀ ਤੋਂ ਲੇਹ ਦੇ ਦਰਮਿਆਨ ਦੀ ਦੂਰੀ 46 ਕਿਲੋਮੀਟਰ ਘੱਟ ਹੋਈ।
- ਅਟਲ ਟਨਲ 10,171 ਫ਼ੁੱਟ ਦੀ ਉਚਾਈ ਉੱਤੇ ਬਣੀ ਹੈ। ਇਸ ਨੂੰ ਰੋਹਤਾਂਗ ਦੱਰੇ ਨਾਲ ਜੋੜ ਕੇ ਬਣਾਇਆ ਗਿਆ ਹੈ।
- ਇਹ ਦੁਨੀਆ ਦੀ ਸਭ ਤੋਂ ਉੱਚੀ ਅਤੇ ਸਭ ਤੋਂ ਲੰਬੀ ਰੋਡ ਟਨਲ ਹੈ।
- ਟਨਲ ਨੂੰ ਵੱਧ ਤੋਂ ਵੱਧ 80 ਕਿਲੋਮੀਟਰ ਪ੍ਰਤੀ ਘੰਟਾ ਨਾਲ 3 ਹਜ਼ਾਰ ਕਾਰਾਂ ਅਤੇ 1,500 ਟਰੱਕਾਂ ਦੇ ਆਵਾਜਾਈ ਘਣਤਵ ਲਈ ਤਿਆਰ ਕੀਤਾ ਗਿਆ ਹੈ।
- ਘੋੜੇ ਦੀ ਨਾਲ ਦੇ ਆਕਾਰ ਵਿੱਚ ਸਿੰਗਲ ਟਿਊਬ ਤੇ ਡਬਲ ਲੇਨ ਵਾਲੀ ਟਨਲ ਜਿਸ ਦੀ ਓਵਰਹੈੱਡ ਨਿਕਾਸੀ 5.525 ਮੀਟਰ ਹੈ।
- ਇਸ ਵਿੱਚ ਫ਼ਾਇਰ-ਪਰੂਫ਼ ਐਮਰਜੈਂਸੀ ਨਿਕਾਸ ਟਨਲ ਵੀ ਹੈ, ਜਿਸ ਨੂੰ ਮੁੱਖ ਸੁਰੰਗ ਵਿੱਚ ਬਣਾਇਆ ਗਿਆ ਹੈ।
- ਇਹ ਟਨਲ ਸੈਮੀ ਟ੍ਰਾਂਸਵਰਸ ਸਿਸਟਮ, ਸਕਾਡਾ ਕੰਟਰੋਲਡ ਫ਼ਾਇਰ ਬ੍ਰਿਗੇਡ, ਰੋਸ਼ਨੀ ਤੇ ਨਿਗਰਾਨੀ ਪ੍ਰਣਾਲੀ ਸਮੇਤ ਅਤਿ-ਆਧੁਨਿਕ ਇਲੈਕਟ੍ਰੋ-ਮਕੈਨੀਕਲ ਪ੍ਰਣਾਲੀ ਨਾਲ ਲੈਸ ਹੈ।

ਇਸ ਦੇ ਲਈ ਜਿਸ ਤਰ੍ਹਾਂ ਦੀ ਰਾਜਨੀਤਕ ਇੱਛਾ–ਸ਼ਕਤੀ ਦੀ ਜ਼ਰੂਰਤ ਸੀ, ਮੰਦੇਭਾਗੀਂ ਉਹ ਦਿਖਾਈ ਨਹੀਂ ਗਈ।' ਮੌਜੂਦਾ ਸਰਕਾਰ ਨੇ ਸਰਹੱਦੀ ਖੇਤਰਾਂ ਵਿੱਚ ਵਿਕਾਸ ਨੂੰ ਰਫ਼ਤਾਰ ਦਿੱਤੀ ਹੈ। ਜਿਸ ਦੀ ਉਦਾਹਰਣ ਆਸਾਮ ਵਿੱਚ ਬਾੱਗੀਬੀਲ ਬ੍ਰਿਜ, ਉੱਤਰ–ਪੂਰਬ ਵਿੱਚ ਕਨੈਕਟੀਵਿਟੀ, ਬਿਹਾਰ ਵਿੱਚ ਕੋਸੀ ਮਹਾਸੇਤੂ, ਹਿਮਾਲਾ ਖੇਤਰ ਵਿੱਚ, ਭਾਵੇਂ ਉਹ ਹਿਮਾਚਲ, ਜੰਮੂ–ਕਸ਼ਮੀਰ, ਕਰਗਿਲ–ਲੇਹ–ਲੱਦਾਖ, ਉੱਤਰਾਖੰਡ, ਸਿੱਕਿਮ ਜਾਂ ਅਰੁਣਾਚਲ ਪ੍ਰਦੇਸ਼ ਹੋਵੇ, ਦਰਜਨਾਂ ਪ੍ਰੋਜੈਕਟ ਪੂਰੇ ਕੀਤੇ ਜਾ ਚੁੱਕੇ ਹਨ। ਅਨੇਕ ਪ੍ਰੋਜੈਕਟਾਂ ਉੱਤੇ ਤੇਜ਼ੀ ਨਾਲ ਕੰਮ ਚਲ ਰਿਹਾ ਹੈ। ਅਟਲ ਟਨਲ ਦਾ ਨਿਰਮਾਣ ਵੀ ਸਹਿਜ ਨਹੀਂ ਸੀ। ਟਨਲ ਦੇ ਨਿਰਮਾਣ ਵਿੱਚ 587 ਮੀਟਰ ਲੰਮੇ ਨਾਲੇ ਦੇ ਰੂਪ ਵਿੱਚ ਕਠਿਨ ਸਮੱਸਿਆ ਆਈ। ਇਸ ਵਿੱਚ 8 ਹਜ਼ਾਰ ਲਿਟਰ ਪ੍ਰਤੀ ਮਿੰਟ ਪਾਣੀ ਦੇ ਵਹਾਅ ਨੇ ਨਿਰਮਾਣ ਵਿੱਚ ਰੁਕਾਵਟ ਪਾਈ। ਇਹ ਸਮੱਸਿਆ ਆਪਣੇ–ਆਪ ਵਿੱਚ ਵਿਸ਼ਵ ਦੀ ਅਨੂਠੀ ਚੁਣੌਤੀ ਸੀ। ਜਿਸ ਨੂੰ ਨਵੀਂਆਂ ਤਕਨੀਕਾਂ ਤੇ ਆਧੁਨਿਕ ਉਪਕਰਣਾਂ ਨਾਲ ਦੂਰ ਕੀਤਾ ਗਿਆ। ਸਮੇਂ ਉੱਤੇ ਕੰਮ ਮੁਕੰਮਲ ਕਰਨ ਲਈ 3 ਹਜ਼ਾਰ ਮਜ਼ਦੂਰ ਅਤੇ ਬੀਆਰਓ ਦੇ 650 ਕਰਮਚਾਰੀਆਂ ਨੇ ਇੱਕਜੁਟ ਹੋ ਕੇ ਤਿੰਨ ਸ਼ਿਫ਼ਟਾਂ ਵਿੱਚ ਕੰਮ ਕੀਤਾ।

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਵਿਜ਼ਨ ਅਨੁਸਾਰ ਅਟਲ ਟਨਲ ਰਣਨੀਤਕ ਮਜ਼ਬੂਤੀ ਤੇ ਹਿਮਾਚਲ–ਲੱਦਾਖ ਦੇ ਲੋਕਾਂ ਦੇ ਸਰਬਪੱਖੀ ਵਿਕਾਸ ਲਈ ਇੱਕ ਅਹਿਮ ਕਦਮ ਸਿੱਧ ਹੋਵੇਗੀ। ਇਸ ਨਾਲ ਲੋਕਾਂ ਦੇ ਚਿਹਰੇ ਉੱਤੇ ਮੁਸਕਰਾਹਟ ਸਹਿਜੇ ਹੀ ਦੇਖੀ ਜਾ ਸਕਦੀ ਹੈ। ਹੁਣ ਅਗਲੇ ਗੇੜ ਵਿੱਚ ਬੀਆਰਓ ਦਾ ਫ਼ੋਕਸ ਸ਼ਿੰਕੁਲਾ ਟਨਲ ਉੱਤੇ ਹੋਵੇਗਾ, ਜਿਸ ਨੂੰ ਤਿੰਨ ਸਾਲਾਂ ਵਿੱਚ ਪੂਰਾ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਸ ਵਿੱਚ ਲੇਹ ਲਈ ਹਰ ਮੌਸਮ ਵਿੱਚ ਕਨੈਕਟੀਵਿਟੀ ਹੋਰ ਅਸਾਨ ਹੋ ਜਾਵੇਗੀ। ●

ਪੂਰੇ ਪ੍ਰੋਗਰਾਮ ਦੀ ਵੀਡੀਓ ਵੇਖਣ ਲਈ QR ਕੋਡ ਸਕੈਨ ਕਰੋ




# ਹਰ ਘਰ ਜਲ ਦਾ ਸੁਪਨਾ ਹੋ ਰਿਹਾ ਸਾਕਾਰ

**ਆਜ਼ਾਦੀ ਦੇ 70 ਸਾਲਾਂ ਬਾਅਦ ਵੀ ਜਦੋਂ ਦੇਸ਼ ਵਿੱਚ ਸਾਰੇ ਲੋਕਾਂ ਨੂੰ ਪੀਣ ਵਾਲਾ ਪੀਣ ਨਹੀਂ ਮਿਲ ਪਾ ਰਿਹਾ ਸੀ, ਤਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਾਲ 2019 'ਚ ਲਾਲ ਕਿਲੇ ਦੀ ਫ਼ਸੀਲ ਤੋਂ 5 ਸਾਲਾਂ ਅੰਦਰ ਹਰ ਘਰ ਵਿੱਚ ਪਾਣੀ ਦਾ ਕਨੈਕਸ਼ਨ ਦੇਣ ਦਾ ਐਲਾਨ ਕੀਤਾ। ਕਈ ਲੋਕਾਂ ਨੇ ਇਸ ਉੱਤੇ ਸ਼ੱਕ ਪ੍ਰਗਟਾਇਆ ਲੇਕਿਨ ਜਲ ਜੀਵਨ ਮਿਸ਼ਨ ਦੇ ਤਹਿਤ ਹਰ ਘਰ ਜਲ ਦਾ ਸੁਪਨਾ ਸਾਕਾਰ ਕਰਨ ਲਈ ਰੋਜ਼ 88 ਹਜ਼ਾਰ ਟੂਟੀ (ਨਲ) ਕਨੈਕਸ਼ਨ ਦਾ ਟੀਚਾ ਲੈ ਕੇ ਚਲੀ ਕੇਂਦਰ ਸਰਕਾਰ ਹੁਣ ਰੋਜ਼ਾਨਾ 1 ਲੱਖ ਘਰਾਂ ਨੂੰ ਟੂਟੀ ਕਨੈਕਸ਼ਨਾਂ ਨਾਲ ਜੋੜ ਰਹੀ ਹੈ। ਹੁਣ 100 ਦਿਨਾਂ ਅੰਦਰ ਦੇਸ਼ ਦੇ ਹਰੇਕ ਸਕੂਲ-ਆਂਗਨਵਾੜੀ ਵਿੱਚ ਪੀਣ ਵਾਲੇ ਪਾਣੀ ਦੇ ਕਨੈਕਸ਼ਨ ਦਾ ਟੀਚਾ....**

ਭਾਰਤਵਾਸੀਆਂ ਦਾ ਜੀਵਨ ਲਗਾਤਾਰ ਅਸਾਨ ਹੋਵੇ। 'ਈਜ਼ ਆਵ੍ ਲਿਵਿੰਗ' ਦੇ ਮਿਸ਼ਨ ਨਾਲ ਅੱਗੇ ਵਧ ਰਹੀ ਕੇਂਦਰ ਸਰਕਾਰ ਸਭ ਨੂੰ ਘਰ, ਬਿਜਲੀ, ਪਖਾਨਾ, ਸਵੱਛਤਾ ਦੇ ਨਾਲ ਪੀਣ ਵਾਲੇ ਪਾਣੀ ਦੀ ਦਿਸ਼ਾ ਵਿੱਚ ਲਗਾਤਾਰ ਕਦਮ ਵਧਾ ਰਹੀ ਹੈ। ਇਹ ਕੰਮ ਅਸਾਨ ਨਹੀਂ ਸੀ, ਖ਼ਾਸ ਤੌਰ 'ਤੇ ਤਦ, ਜਦੋਂ ਆਜ਼ਾਦੀ ਦੇ 70 ਸਾਲ ਬਾਅਦ ਵੀ ਸਵੱਛਤਾ ਤੇ ਪੀਣ ਵਾਲੇ ਪਾਣੀ ਜਿਹੀਆਂ ਜੀਵਨ ਦੀਆਂ ਬੁਨਿਆਦੀ ਜ਼ਰੂਰਤਾਂ ਲਈ ਆਮ ਲੋਕ ਪਰੇਸ਼ਾਨ ਹੋਣ। ਵਿਸ਼ਵ ਸਿਹਤ ਸੰਗਠਨ ਦੀ ਇੱਕ ਰਿਪੋਰਟ ਅਨੁਸਾਰ ਗੰਦਗੀ ਤੇ ਗੰਦੇ ਪਾਣੀ ਕਾਰਨ ਇਕੱਲੇ ਭਾਰਤ ਵਿੱਚ ਹਰ ਸਾਲ 3 ਲੱਖ ਬੱਚਿਆਂ ਦੀ ਮੌਤ ਹੋ ਜਾਂਦੀ ਹੈ। ਗੰਦਗੀ ਤੇ ਗੰਦੇ ਪਾਣੀ ਕਾਰਨ ਹੋਣ ਵਾਲੀਆਂ ਬਿਮਾਰੀਆਂ

## 1 ਅਪ੍ਰੈਲ 2019 ਤੱਕ ਘਰੇਲੂ ਨਲ ਕਨੈਕਸ਼ਨ





**19,01,66,385** ਕੁੱਲ ਗ੍ਰਾਮੀਣ ਘਰ

**5,63,67,982** ਘਰਾਂ ਵਿੱਚ ਟੂਟੀਆਂ ਲਗਾਈਆਂ

**13,37,98,430** ਘਰ ਹਾਲੇ ਬਚੇ

## 16 ਅਕਤੂਬਰ 2020 ਤੱਕ ਘਰੇਲੂ ਨਲ ਕਨੈਕਸ਼ਨ




## ਜਲ ਜੀਵਨ ਮਿਸ਼ਨ ਦਾ ਉਦੇਸ਼

- ਘਰੇਲੂ ਪਾਈਪਲਾਈਨ ਨਾਲ ਜਲ ਸਪਲਾਈ
- ਸਵੱਛ ਤੇ ਪੀਣਯੋਗ ਪਾਣੀ
- ਭੂ-ਜਲ ਪੱਧਰ ਦੀ ਮੁੜ-ਭਰਾਈ
- ਬਿਹਤਰ ਸਥਾਨਕ ਬੁਨਿਆਦੀ ਢਾਂਚਾ
- ਪਾਣੀ ਤੋਂ ਪੈਦਾ ਹੋਣ ਵਾਲੇ ਰੋਗਾਂ 'ਚ ਕਮੀ
- ਪਾਣੀ ਦੀ ਘੱਟ ਬਰਬਾਦੀ

## ਕਿਵੇਂ ਪੂਰਾ ਹੋਵੇਗਾ ਟੀਚਾ

ਕੇਂਦਰੀ ਜਲ ਸ਼ਕਤੀ ਮੰਤਰਾਲਾ ਇਸ ਲਈ ਮਿਸ਼ਨ ਮੋਡ ਵਿੱਚ ਕੰਮ ਕਰ ਰਿਹਾ ਹੈ। ਯੋਜਨਾ 100 ਫ਼ੀਸਦੀ ਟੀਚਾ–ਪ੍ਰਾਪਤੀ ਨਾਲ ਤੈਅ ਸਮੇਂ 'ਚ ਪੂਰੀ ਹੋਵੇ, ਇਸ ਲਈ ਖ਼ਾਸ ਤੌਰ 'ਤੇ ਹਰ ਰਾਜ ਨਾਲ ਸਿੱਧਾ ਸੰਪਰਕ ਰੱਖਿਆ ਗਿਆ ਹੈ। ਪਿੰਡਾਂ ਵਿੱਚ ਇਸ ਮਿਸ਼ਨ ਨੂੰ ਪੂਰਾ ਕਰਨ ਲਈ ਪਾਨੀ ਸਮਿਤੀਆਂ ਬਣਾ ਦਿੱਤੀਆਂ ਗਈਆਂ ਹਨ। ਇਨ੍ਹਾਂ ਵਿੱਚ 50 ਫ਼ੀਸਦੀ ਮਹਿਲਾਵਾਂ ਦੀ ਭਾਗੀਦਾਰੀ ਹੈ। ਇਸ ਸਮਿਤੀ ਨੂੰ ਜਲ ਜੀਵਨ ਮਿਸ਼ਨ ਨੂੰ ਪੂਰਾ ਕਰਨ ਲਈ ਔਨਲਾਈਨ ਟ੍ਰੇਨਿੰਗ ਵੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸਟੇਟ-ਵਾਈਜ਼ ਟੀਚਾ–ਪ੍ਰਾਪਤੀ ਦਾ ਸਮਾਂ ਨਿਰਧਾਰਿਤ ਕੀਤਾ ਗਿਆ ਹੈ।

- **ਸਾਲ 2021** - ਬਿਹਾਰ, ਗੋਆ, ਤੇਲੰਗਾਨਾ ਤੇ ਪੁਡੂਚੇਰੀ
- **ਸਾਲ 2022** - ਉੱਤਰ ਪ੍ਰਦੇਸ਼, ਗੁਜਰਾਤ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਲੱਦਾਖ, ਮੇਘਾਲਿਆ, ਪੰਜਾਬ ਤੇ ਸਿੱਕਿਮ
- **ਸਾਲ 2023** - ਅਰੁਣਾਚਲ ਪ੍ਰਦੇਸ਼, ਕਰਨਾਟਕ, ਮੱਧ ਪ੍ਰਦੇਸ਼, ਮਣੀਪੁਰ, ਮਿਜ਼ੋਰਮ, ਨਾਗਾਲੈਂਡ, ਛੱਤੀਸਗੜ੍ਹ ਤੇ ਤ੍ਰਿਪੁਰਾ
- **ਸਾਲ 2024** - ਰਾਜਸਥਾਨ, ਅਸਾਮ, ਪੱਛਮ ਬੰਗਾਲ, ਆਂਧਰ ਪ੍ਰਦੇਸ਼, ਝਾਰਖੰਡ, ਮਹਾਰਾਸ਼ਟਰ, ਕੇਰਲ, ਓਡੀਸ਼ਾ, ਤਮਿਲ ਨਾਡੂ ਤੇ ਉੱਤਰਾਖੰਡ

ਕਾਰਨ ਭਾਰਤ ਵਿੱਚ ਪ੍ਰਤੀ ਵਿਅਕਤੀ ਸਿਹਤ ਖ਼ਰਚਾ ਚੀਨ ਦੇ ਮੁਕਾਬਲੇ 40 ਗੁਣਾ ਤੇ ਸ੍ਰੀਲੰਕਾ ਦੇ ਮੁਕਾਬਲੇ 12 ਗੁਣਾ ਜ਼ਿਆਦਾ ਹੈ। ਜੀਵਨ ਦੀਆਂ ਇਨ੍ਹਾਂ ਹੀ ਬੁਨਿਆਦੀ ਜ਼ਰੂਰਤਾਂ ਪੂਰੀਆਂ ਕਰਨ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਭ ਤੋਂ ਪਹਿਲਾਂ 15 ਅਗਸਤ, 2014 ਨੂੰ ਲਾਲ ਕਿਲੇ ਦੀ ਫ਼ਸੀਲ ਤੋਂ 'ਸਵੱਛ ਭਾਰਤ ਮਿਸ਼ਨ' ਦਾ ਐਲਾਨ ਕੀਤਾ। ਸਵੱਛ ਭਾਰਤ ਮਿਸ਼ਨ ਵਿੱਚ ਲੋਕਾਂ ਦੀ ਭਾਗੀਦਾਰੀ ਨਾਲ ਤੈਅ ਟੀਚੇ ਨਾਲ ਵੱਧ ਸਫ਼ਲਤਾ ਮਿਲੀ, ਤਾਂ 15 ਅਗਸਤ, 2019 'ਚ ਉਨ੍ਹਾਂ ਲਾਲ ਕਿਲੇ ਤੋਂ ਹਰ ਘਰ ਵਿੱਚ ਟੂਟੀ (ਨਲ) ਕਨੈਕਸ਼ਨ ਦੇਣ ਲਈ 'ਜਲ ਜੀਵਨ ਮਿਸ਼ਨ' ਦਾ ਐਲਾਨ ਕੀਤਾ। ਇਸ ਦਾ ਐਲਾਨ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ – 'ਲਗਭਗ 100 ਵਰ੍ਹੇ ਪਹਿਲਾਂ ਜੈਨ ਮੁਨੀ ਬੁੱਧੀ ਸਾਗਰ ਜੀ ਨੇ ਲਿਖਿਆ ਸੀ, ਇੱਕ ਦਿਨ ਪਾਣੀ ਕਰਿਆਨੇ ਦੀ ਦੁਕਾਨ 'ਤੇ ਵਿਕੇਗਾ। ਅੱਜ ਅਜਿਹਾ ਹੋ ਵੀ ਰਿਹਾ ਹੈ। ਦੇਸ਼ ਦੇ ਅੱਧੇ ਘਰਾਂ ਵਿੱਚ ਵੀ ਪੀਣ ਦਾ ਪਾਣੀ ਨਹੀਂ ਪਹੁੰਚਦਾ। ਹਰ ਘਰ ਤੱਕ ਪੀਣ ਦਾ ਪਾਣੀ ਪੁੱਜੇ, ਇਸ ਲਈ ਅਸੀਂ ਜਲ ਜੀਵਨ ਮਿਸ਼ਨ ਨੂੰ ਲੈ ਕੇ ਅੱਗੇ ਵਧਾਂਗੇ। 5 ਸਾਲਾਂ ਵਿੱਚ ਦੇਸ਼ ਦੇ ਹਰ ਘਰ ਤੱਕ ਟੂਟੀ (ਨਲ) ਕਨੈਕਸ਼ਨ ਪਹੁੰਚਾਉਣਾ ਸਾਡਾ ਟੀਚਾ ਹੈ।' ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸੇ ਦਿਸ਼ਾ ਵਿੱਚ ਇੱਕ ਕਦਮ ਹੋਰ ਅੱਗੇ ਵਧਾਉਂਦੇ ਹੋਏ 100 ਦਿਨਾਂ ਅੰਦਰ ਦੇਸ਼ ਦੇ ਹਰ ਸਕੂਲ ਤੇ ਆਂਗਨਵਾੜੀ ਨੂੰ ਪੀਣ ਵਾਲੇ ਪਾਣੀ ਦੇ ਕਨੈਕਸ਼ਨ ਨਾਲ ਜੋੜਨ ਦਾ ਐਲਾਨ ਕੀਤਾ। ਗਾਂਧੀ ਜਯੰਤੀ ਮੌਕੇ 2 ਅਕਤੂਬਰ ਤੋਂ ਇਸ ਦੀ ਸ਼ੁਰੂਆਤ ਵੀ ਕਰ ਦਿੱਤੀ ਗਈ ਹੈ।



## ਕੀ ਹੈ ਜਲ ਜੀਵਨ ਮਿਸ਼ਨ

ਅੰਕੜਿਆਂ ਮੁਤਾਬਕ ਦੇਸ਼ ਵਿੱਚ ਲਗਭਗ 19 ਕਰੋੜ 1 ਲੱਖ ਗ੍ਰਾਮੀਣ ਘਰ ਹਨ। ਪ੍ਰਧਾਨ ਮੰਤਰੀ ਨੇ ਹੁਣ ਜਲ ਜੀਵਨ ਮਿਸ਼ਨ ਦਾ ਐਲਾਨ ਕੀਤਾ, ਉਸ ਵੇਲੇ ਇਨ੍ਹਾਂ ਵਿੱਚੋਂ ਲਗਭਗ 15 ਕਰੋੜ 80 ਲੱਖ ਭਾਵ 81 ਫ਼ੀਸਦੀ ਘਰਾਂ ਤੱਕ ਪੀਣ ਵਾਲੇ ਪਾਣੀ ਦੀ ਸੁਵਿਧਾ ਨਹੀਂ ਸੀ। ਸ਼ਹਿਰੀ ਇਲਾਕਿਆਂ ’ਚ ਵੀ ਲਗਭਗ 50 ਫ਼ੀਸਦੀ ਘਰਾਂ ਵਿੱਚ ਇਹੋ ਹਾਲ ਸੀ। ਕਈ ਇਲਾਕਿਆਂ ਵਿੱਚ ਭੂ-ਜਲ ਪੱਧਰ ਸਮੇਤ ਪਾਣੀ ਦੇ ਹੋਰ ਸਰੋਤਾਂ ਦੀ ਹਾਲਤ ਵੀ ਲਗਾਤਾਰ ਖ਼ਰਾਬ ਹੁੰਦੀ ਜਾ ਰਹੀ ਸੀ।

- ਇਨ੍ਹਾਂ ਹੀ ਸਮੱਸਿਆਵਾਂ ਨੂੰ ਧਿਆਨ ’ਚ ਰੱਖਦੇ ਹੋਏ ਇਸ ਮਿਸ਼ਨ ਦੀ ਸ਼ੁਰੂਆਤ ਕੀਤੀ ਗਈ। ਕੇਂਦਰ ਸਰਕਾਰ ਦੀ ਇਸ ਯੋਜਨਾ ਵਿੱਚ 2024 ਤੱਕ ਸਾਰੇ ਘਰਾਂ ਨੂੰ ਪਾਈਪ ਰਾਹੀਂ ਪਾਣੀ ਪਹੁੰਚਾਉਣ ਦਾ ਟੀਚਾ ਹੈ। ਇਸ ਵਿੱਚ ਹਰੇਕ ਵਿਅਕਤੀ ਨੂੰ ਰੋਜ਼ਾਨਾ 55 ਲੀਟਰ ਦੇ ਹਿਸਾਬ ਨਾਲ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਣੀ ਹੈ।
- ਜਲ ਜੀਵਨ ਮਿਸ਼ਨ ਦੇ ਤਹਿਤ ਖੇਤੀ ਉਪਯੋਗ ਲਈ ਮੀਂਹ ਦਾ ਪਾਣੀ ਇਕੱਠਾ ਕਰਨ, ਵਾਟਰ ਹਾਰਵੈਸਟਿੰਗ ਤੇ ਘਰਾਂ ਤੋਂ ਨਿਕਲਣ ਵਾਲੇ ਗੰਦੇ ਪਾਣੀ ਦੀ ਮੁੜ ਵਰਤੋਂ ਦੇ ਪ੍ਰਬੰਧਨ ਲਈ ਸਥਾਨਕ ਬੁਨਿਆਦੀ ਢਾਂਚਾ ਤਿਆਰ ਕਰਨਾ ਵੀ ਹੈ।
- ਇਸ ਸਮੁੱਚੇ ਪ੍ਰੋਜੈਕਟ ਉੱਤੇ ਲਗਭਗ 3.60 ਲੱਖ ਕਰੋੜ ਰੁਪਏ ਖ਼ਰਚ ਕੀਤੇ ਜਾਣੇ ਹਨ। ਇਸ ਵਿੱਚੋਂ 2.08 ਲੱਖ ਕਰੋੜ ਰੁਪਏ ਦਾ ਅੰਸ਼ਦਾਨ ਕੇਂਦਰ ਸਰਕਾਰ ਦੇ ਰਹੀ ਹੈ। ਬਾਕੀ 1.52 ਲੱਖ ਕਰੋੜ ਰੁਪਏ ਦਾ ਖ਼ਰਚ ਰਾਜ ਸਰਕਾਰਾਂ ਨੇ ਕਰਨਾ ਹੈ।
- ਜਲ ਜੀਵਨ ਮਿਸ਼ਨ ਦੇ ਤਹਿਤ ਖ਼ਰਾਬ ਗੁਣਵੱਤਾ ਵਾਲੇ ਪਾਣੀ ਤੋਂ ਪ੍ਰਭਾਵਿਤ ਇਲਾਕਿਆਂ ਵਿੱਚ ਪੀਣ ਯੋਗ ਪਾਣੀ ਦੀ ਸਪਲਾਈ ਸਭ ਤੋਂ ਪਹਿਲੀ ਤਰਜੀਹ ਹੈ ਕਿਉਂਕਿ ਫ਼ਲੋਰੋਸਿਸ ਅਤੇ ਆਰਸੈਨਿਕੋਸਿਸ ਦੇ ਮਾੜੇ ਪ੍ਰਭਾਵਾਂ ਵਿੱਚ ਕਮੀ ਲਿਆਉਣੀ ਹੈ। ਰਾਜਾਂ ਨੂੰ ਦਸੰਬਰ 2020 ਤੱਕ ਆਰਸੈਨਿਕ ਤੇ ਫ਼ਲੋਰਾਈਡ ਪ੍ਰਭਾਵਿਤ ਬਸਤੀਆਂ ਦੇ ਸਾਰੇ ਘਰਾਂ ਵਿੱਚ ਪਾਈਪ ਰਾਹੀਂ ਪਾਣੀ ਦੀ ਸਪਲਾਈ ਯਕੀਨੀ ਬਣਾਉਣੀ ਹੈ।
- 2020-21 ਵਿੱਚ ਜਲ ਜੀਵਨ ਮਿਸ਼ਨ ਨੂੰ ਲਾਗੂ ਕਰਨ ਲਈ 23,500 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ 2020-21 ਵਿੱਚ ਗ੍ਰਾਮੀਣ ਸਥਾਨਕ ਸਰਕਾਰਾਂ ਨੂੰ 15ਵੇਂ ਵਿੱਤ ਕਮਿਸ਼ਨ ਦੀ 50 ਫ਼ੀਸਦੀ ਗ੍ਰਾਂਟ ਯਾਨੀ 30,375 ਕਰੋੜ ਰੁਪਏ ਪਾਣੀ ਦੀ ਸਪਲਾਈ ਤੇ ਸਵੱਛਤਾ ਲਈ ਰੱਖੇ ਗਏ ਹਨ।

## ਪਾਰਦਰਸ਼ਤਾ ਲਈ ਟੈਕਨੋਲੋਜੀ ਦਾ ਸਹਾਰਾ

ਜਲ ਜੀਵਨ ਮਿਸ਼ਨ ਦੇ ਤਹਿਤ ਤੈਅ ਟੀਚੇ ਦੀ ਪੂਰਤੀ ਸਮੇਂ ਤੋਂ ਪਹਿਲਾਂ ਹੋਵੇ, ਇਸ ਲਈ ਕੇਂਦਰ ਸਰਕਾਰ ਕੋਸ਼ਿਸ਼ ਕਰ ਰਹੀ ਹੈ। ਮਿਸ਼ਨ ਦੀ ਸਫਲਤਾ ਲਈ ਕੇਂਦਰ ਸਰਕਾਰ ਦੀ ਪ੍ਰਤੀਬੱਧਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਯੋਜਨਾ ਵਿੱਚ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਸੁਰੱਖਿਅਤ ਜਲ ਖੇਤਰਾਂ ਦੀ ਜੀਓ ਟੈਗਿੰਗ ਕੀਤੀ ਜਾ ਰਹੀ ਹੈ। ਨਾਲ

**ਤੈਅ ਟੀਚੇ ਤੋਂ 1 ਸਾਲ ਪਹਿਲਾਂ ਹੀ ਗੋਆ ਦੇ ਹਰ ਘਰ ਵਿੱਚ ਟੂਟੀ (ਨਲ) ਕਨੈਕਸ਼ਨ ਨਾਲ ‘ਜਲ ਜੀਵਨ ਮਿਸ਼ਨ’ ਨੇ ਹਾਸਲ ਕੀਤੀ ਅਹਿਮ ਉਪਲਬਧੀ**



## ਅਨੁਸੂਚਿਤ ਜਾਤੀ ਤੇ ਕਬੀਲਿਆਂ ਦੇ ਪਿੰਡਾਂ ਵਿੱਚ ਟੂਟੀ (ਨਲ) ਪਹਿਲੀ ਪ੍ਰਾਥਮਿਕਤਾ, ਸੋਕਾ ਪੀੜਤ, ਰੇਗਿਸਤਾਨੀ ਪਿੰਡਾਂ ਨੂੰ ਮਿਸ਼ਨ ਦੇ ਤਹਿਤ ਮਿਲੇਗੀ ਪ੍ਰਾਥਮਿਕਤਾ

### ਕੋਰੋਨਾ ਕਾਲ 'ਚ ਵੀ ਨਹੀਂ ਰੁਕੀ ਰਫ਼ਤਾਰ

**ਕੋਰੋਨਾ ਜਿਹੀ ਆਲਮੀ ਮਹਾਮਾਰੀ ਦੌਰਾਨ ਅਨਲੌਕ-1 ਤੋਂ ਬਾਅਦ 45 ਦਿਨਾਂ ਵਿੱਚ ਜਲ ਜੀਵਨ ਮਿਸ਼ਨ ਦੇ ਤਹਿਤ ਦੇਸ਼ ਦੇ 45 ਲੱਖ ਘਰਾਂ ਵਿੱਚ ਟੂਟੀ ਕਨੈਕਸ਼ਨ ਦਿੱਤੇ ਗਏ। ਭਾਵ ਰੋਜ਼ 1 ਲੱਖ ਕਨੈਕਸ਼ਨ। ਭਾਵੇਂ ਇਸ ਮਿਸ਼ਨ ਦੇ ਤਹਿਤ ਤੈਅ ਟੀਚਾ ਹਾਸਲ ਕਰਨ ਲਈ 2024 ਤੱਕ ਦਾ ਸਮਾਂ ਤੈਅ ਕੀਤਾ ਗਿਆ ਹੈ। ਟੀਚੇ ਨੂੰ ਦੇਖਦੇ ਹੋਏ ਹਰ ਸਾਲ 3.2 ਕਰੋੜ ਘਰਾਂ ਤੱਕ ਟੂਟੀ ਕਨੈਕਸ਼ਨ ਦਿੱਤਾ ਜਾਣਾ ਹੈ ਭਾਵ ਲਗਭਗ 88 ਹਜ਼ਾਰ ਟੂਟੀ ਕਨੈਕਸ਼ਨ ਰੋਜ਼। ਜਲ ਜੀਵਨ ਮਿਸ਼ਨ ਦੇ ਤਹਿਤ ਹਾਲੇ ਤੱਕ ਕੁੱਲ 2 ਕਰੋੜ 20 ਲੱਖ ਘਰਾਂ ਵਿੱਚ ਟੂਟੀ ਕਨੈਕਸ਼ਨ ਦਿੱਤੇ ਜਾ ਚੁੱਕੇ ਹਨ।**

ਹੀ, ਹਰ ਘਰ ਵਿੱਚ ਟੂਟੀ ਕਨੈਕਸ਼ਨ ਨੂੰ ਮੁਖੀ ਦੇ 'ਆਧਾਰ' ਨਾਲ ਜੋੜਿਆ ਜਾ ਰਿਹਾ ਹੈ।

**ਪਿੰਡਾਂ ਵਿੱਚ ਹੀ ਮਿਲੇਗਾ ਰੋਜਗਾਰ**

ਜਲ ਜੀਵਨ ਮਿਸ਼ਨ ਦੇ ਤਹਿਤ ਪਾਣੀ ਦੀ ਪਾਈਪਲਾਈਨ ਦੇ ਰੱਖ-ਰਖਾਅ, ਫ਼ਿਟਿੰਗ, ਇਲੈਕਟ੍ਰੀਸ਼ੀਅਨ ਸਮੇਤ ਕਈ ਖੇਤਰਾਂ ਵਿੱਚ ਰੋਜਗਾਰ ਦੀਆਂ ਸੰਭਾਵਨਾਵਾਂ ਹਨ। ਜਲ-ਸ਼ਕਤੀ ਮੰਤਰਾਲੇ ਨੇ ਇਸ ਲਈ ਰਾਸ਼ਟਰੀ ਕੌਸ਼ਲ ਵਿਕਾਸ ਨਿਗਮ ਦੀ ਸਹਾਇਤਾ ਨਾਲ ਪਿੰਡਾਂ ਵਿੱਚ ਮਜ਼ਦੂਰਾਂ ਦੇ ਸਮੂਹਾਂ ਦੀ ਸ਼ਨਾਖ਼ਤ ਕੀਤੀ ਹੈ। ਇਸ ਨਾਲ ਸਬੰਧਿਤ ਪਿੰਡਾਂ ਵਿੱਚ ਹੀ ਲੋਕਾਂ ਨੂੰ ਰੋਜਗਾਰ ਹਾਸਲ ਹੋਵੇਗਾ। ਆਤਮਨਿਰਭਰ ਭਾਰਤ ਲਈ ਪਿੰਡਾਂ ਨੂੰ ਆਤਮਨਿਰਭਰ ਬਣਾਉਣ ਦੀ ਦਿਸ਼ਾ ਵਿੱਚ ਇਹ ਇੱਕ ਅਹਿਮ ਕਦਮ ਹੈ। ਪ੍ਰਧਾਨ ਮੰਤਰੀ ਗ਼ਰੀਬ ਰੋਜਗਾਰ ਕਲਿਆਣ ਅਭਿਯਾਨ ਨੂੰ ਵੀ ਜਲ ਜੀਵਨ ਮਿਸ਼ਨ ਨਾਲ ਜੋੜਿਆ ਗਿਆ ਹੈ। ਇਸ ਵਿੱਚ ਪ੍ਰਵਾਸੀ ਮਜ਼ਦੂਰਾਂ ਨੂੰ ਕੰਮ ਦੇਣ ਦੀ ਯੋਜਨਾ ਹੈ। ਇਸ ਦੇ ਤਹਿਤ 6 ਰਾਜਾਂ ਵਿੱਚ 25 ਹਜ਼ਾਰ ਪਿੰਡਾਂ ਵਿੱਚ ਕੰਮ ਕੀਤਾ ਜਾਣਾ ਹੈ।

ਸੰਤ ਤਿਰੂਵੱਲੂਵਰ ਨੇ ਕਿਹਾ ਹੈ – 'ਜਦੋਂ ਪਾਣੀ ਸਮਾਪਤ ਹੋ ਜਾਂਦਾ ਹੈ, ਤਾਂ ਕੁਦਰਤ ਦਾ ਕੰਮ ਥਮ ਜਾਂਦਾ ਹੈ, ਰੁਕ ਜਾਂਦਾ ਹੈ। ਪਾਣੀ ਦੀ ਜ਼ਰੂਰਤ ਦਾ ਮੁੱਲ ਇਨ੍ਹਾਂ ਸ਼ਬਦਾਂ ਨਾਲ ਬਿਹਤਰ ਹੋਰ ਕਿਵੇਂ ਪਤਾ ਚਲ ਸਕਦਾ ਹੈ। ਲੇਕਿਨ ਵਿਡੰਬਨਾ ਹੈ ਕਿ ਆਜ਼ਾਦੀ ਦੇ 70 ਸਾਲ ਬਾਅਦ ਵੀ ਦੇਸ਼ ਦੇ ਅੱਧੇ ਤੋਂ ਜ਼ਿਆਦਾ ਘਰਾਂ ਵਿੱਚ ਪੀਣ ਦਾ ਪਾਣੀ ਵੀ ਨਹੀਂ ਮਿਲ ਰਿਹਾ ਹੈ। ਕੇਂਦਰ ਸਰਕਾਰ ਦੁਆਰਾ ਸ਼ੁਰੂ ਕੀਤੇ ਗਏ 'ਜਲ ਜੀਵਨ ਮਿਸ਼ਨ' ਦੇ ਬਾਅਦ ਹੁਣ ਛੇਤੀ ਹੀ ਹਰੇਕ ਘਰ ਵਿੱਚ ਪਾਣੀ ਦਾ ਸੁਪਨਾ ਪੂਰਾ ਹੋਣ ਜਾ ਰਿਹਾ ਹੈ।'●

# ਸੁਧਾਰਾਂ ਦੇ ਸਫ਼ਰ 'ਤੇ ਨਿਰੰਤਰ ਵਧਦੀ ਸਰਕਾਰ

**ਖੇਤੀਬਾੜੀ, ਕਿਰਤ ਅਤੇ ਵਿੱਤੀ ਸੁਧਾਰਾਂ ਤੋਂ ਬਾਅਦ ਹੁਣ ਕੇਂਦਰ ਸਰਕਾਰ ਨੇ ਗੈਸ ਅਧਾਰਿਤ ਅਰਥਵਿਵਸਥਾ ਦੀ ਦਿਸ਼ਾ ਵਿੱਚ ਵਧਾਇਆ ਕਦਮ ਤਾਕਿ ਆਯਾਤ ਘੱਟ ਹੋਵੇ ਅਤੇ ਦੇਸ਼ ਵੋਕਲ ਫ਼ਾਰ ਲੋਕਲ ਮੰਤਰ ਦੇ ਨਾਲ ਆਤਮਨਿਰਭਰਤਾ ਦੇ ਸੰਕਲਪ ਨੂੰ ਪੂਰਾ ਕਰ ਸਕੇ। 7 ਅਕਤੂਬਰ ਨੂੰ ਕੈਬਨਿਟ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ 20 ਸਾਲ ਦੇ ਸ਼ਾਸਨ ਦੇ ਪ੍ਰਮੁੱਖ ਦੇ ਤੌਰ 'ਤੇ ਕੰਮ ਕਰਨ ਦੇ ਲਈ ਵਧਾਈ ਦਿੱਤੀ ਤਾਂ ਕੋਰੋਨਾ ਤੋਂ ਬਚਾਅ ਦੇ ਲਈ ਜਨ ਅੰਦੋਲਨ ਸ਼ੁਰੂ ਕੀਤਾ। 14 ਅਕਤੂਬਰ ਨੂੰ ਵੀ ਕੈਬਨਿਟ ਵਿੱਚ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਨੂੰ ਅਮਲੀਜਾਮਾ ਪਹਿਨਾਉਣ ਦੀ ਸ਼ੁਰੂਆਤ ਕੀਤੀ, ਨਾਲ ਹੀ ਜੰਮੂ-ਕਸ਼ਮੀਰ ਅਤੇ ਲੱਦਾਖ ਵਿੱਚ 10 ਲੱਖ ਮਹਿਲਾਵਾਂ ਦੇ ਹਿਤ ਵਿੱਚ ਫ਼ੈਸਲਾ ਲਿਆ। ਇੱਕ ਨਜ਼ਰ:**




**ਫੈਸਲਾ: ਜੰਮੂ-ਕਸ਼ਮੀਰ ਅਤੇ ਲੱਦਾਖ ਵਿੱਚ 10 ਲੱਖ ਮਹਿਲਾਵਾਂ ਨੂੰ ਦੀਨਦਿਆਲ ਅੰਤੋਦਯਾ ਆਜੀਵਿਕਾ ਮਿਸ਼ਨ ਨਾਲ ਜੋੜਨ ਦੇ ਲਈ 520 ਕਰੋੜ ਰੁਪਏ ਦਾ ਵਿਸ਼ੇਸ਼ ਪੈਕੇਜ।**

**ਪ੍ਰਭਾਵ:** ਇਸ ਮਿਸ਼ਨ ਵਿੱਚ ਚੋਣ ਦੀ ਪੱਧਤੀ ਨਾਲ ਇਨ੍ਹਾਂ ਤਿੰਨਾਂ ਖੇਤਰਾਂ ਨੂੰ ਲਾਭ ਨਹੀਂ ਮਿਲ ਪਾ ਰਿਹਾ ਸੀ। ਇਸ ਲਈ ਹੁਣ ਜੰਮੂ-ਕਸ਼ਮੀਰ ਅਤੇ ਲੱਦਾਖ ਨੂੰ ਦੋ ਤਿਹਾਈ ਗ੍ਰਾਮੀਣ ਪਰਿਵਾਰਾਂ ਨਾਲ ਜੋੜਿਆ ਜਾਵੇਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਅਨੁਸਾਰ ਇਸ ਖੇਤਰ ਦੇ ਲਈ ਈਜ਼ ਆਫ਼ ਲਿਵਿੰਗ ਦੇ ਤਹਿਤ ਇਹ ਇੱਕ ਮਹੱਤਵਪੂਰਨ ਕਦਮ ਹੈ।



- ਇਸ 520 ਕਰੋੜ ਰੁਪਏ ਦੇ ਪੈਕੇਜ ਨਾਲ 10.58 ਲੱਖ ਮਹਿਲਾਵਾਂ ਨੂੰ ਲਾਭ ਹੋਵੇਗਾ। ਜੋ ਅਗਲੇ ਪੰਜ ਸਾਲ ਦੇ ਲਈ ਰਹੇਗਾ।
- ਦੇਸ਼ ਵਿੱਚ 63 ਲੱਖ ਸੈਲਫ਼-ਹੈਲਪ ਗਰੁੱਪ ਹਨ। ਹੁਣ 7 ਕਰੋੜ ਮਹਿਲਾਵਾਂ ਇਨ੍ਹਾਂ ਨਾਲ ਜੁੜੀਆਂ ਹੋਈਆਂ ਹਨ। 10 ਕਰੋੜ ਮਹਿਲਾਵਾਂ ਨੂੰ ਜੋੜਨ ਦਾ ਟੀਚਾ ਰੱਖਿਆ ਗਿਆ ਹੈ।
- ਮਿਸ਼ਨ ਤਹਿਤ ਹੁਣ ਤੱਕ 3 ਲੱਖ ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਹੈ, ਜਿਸ ਨੂੰ ਮਿਹਨਤ ਨਾਲ ਕਮਾ ਕੇ ਮਹਿਲਾਵਾਂ ਵਾਪਸ ਚੁਕਾ ਰਹੀਆਂ ਹਨ। ਹਾਲੇ ਵੀ 1 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਅਤੇ ਐੱਨਪੀਏ ਦੀ ਸਥਿਤੀ ਸਿਰਫ਼ 2 ਫ਼ੀਸਦੀ ਯਾਨੀ ਨਾ ਦੇ ਬਰਾਬਰ ਹੈ।

**ਫ਼ੈਸਲਾ: ਕੋਲਕਾਤਾ ਵਿੱਚ ਮੈਟਰੋ ਦੇ ਈਸਟ-ਵੈਸਟ ਕੋਰੀਡੋਰ ਪ੍ਰੋਜੈਕਟ ਦੇ ਲਈ 8575 ਕਰੋੜ ਰੁਪਏ ਦੀ ਸੰਸ਼ੋਧਿਤ ਲਾਗਤ ਨੂੰ ਮਨਜ਼ੂਰੀ, ਪੱਛਮ ਬੰਗਾਲ ਦੇ ਲੋਕਾਂ ਦੀ ਪਰੇਸ਼ਾਨੀ ਦੂਰ ਕਰਨ ਵਾਲਾ ਵੱਡਾ ਕਦਮ।**

**ਪ੍ਰਭਾਵ:** ਪੱਛਮ ਬੰਗਾਲ ਦੇ ਲਈ ਲਮਕੀਆਂ ਯੋਜਨਾਵਾਂ ਨੂੰ ਪੂਰਾ ਕਰਨ ਦੀ ਕੜੀ ਵਿੱਚ ਕੇਂਦਰ ਸਰਕਾਰ ਨੇ ਇਸ ਮੈਟਰੋ ਪ੍ਰੋਜੈਕਟ ਨੂੰ ਗਤੀ ਦਿੱਤੀ ਹੈ। 12 ਸਾਲ ਪਹਿਲਾਂ ਤੋਂ ਮਨਜ਼ੂਰ ਇਸ ਪ੍ਰੋਜੈਕਟ ਨੂੰ ਕੇਂਦਰ ਸਰਕਾਰ ਨੇ ਦਸੰਬਰ 2021 ਤੱਕ ਸਾਕਾਰ ਕਰਨ ਦਾ ਟੀਚਾ ਰੱਖਿਆ ਹੈ।



- ਕਿਸੇ ਵੱਡੀ ਨਦੀ ਦੇ ਹੇਠਾਂ ਇਹ ਭਾਰਤ ਦੀ ਪਹਿਲੀ ਆਵਾਜਾਈ ਸੁਰੰਗ ਹੈ। ਕੁੱਲ ਲੰਬਾਈ 16.6 ਕਿਲੋਮੀਟਰ ਹੈ ਜਿਸ ਵਿੱਚ 12 ਸਟੇਸ਼ਨ ਹਨ। ਇਸ ਵਿੱਚੋਂ 5.3 ਕਿਲੋਮੀਟਰ ਐਲੀਵੇਟਿਡ ਕੋਰੀਡੋਰ ਫ਼ਰਵਰੀ ਤੋਂ ਹੀ ਚਾਲੂ ਹੈ।
- ਕੋਲਕਾਤਾ, ਹਾਵੜਾ ਅਤੇ ਸਾਲਟ ਲੇਕ ਦੇ ਵਪਾਰਕ ਜ਼ਿਲ੍ਹਿਆਂ ਦੇ ਦਰਮਿਆਨ ਇੱਕ ਰੈਪਿਡ ਟ੍ਰਾਂਜ਼ਿਟ ਕਨੈਕਟੀਵਿਟੀ ਦਾ ਨਿਰਮਾਣ।
- ਟ੍ਰੈਫਿਕ ਨੂੰ ਘੱਟ ਕਰਕੇ ਸ਼ਹਿਰਵਾਸੀਆਂ ਨੂੰ ਸਵੱਛ, ਸੁਰੱਖਿਅਤ ਅਤੇ ਪਹੁੰਚਯੋਗ ਆਵਾਜਾਈ ਦਾ ਸਾਧਨ ਮਿਲੇਗਾ। ਮੈਟਰੋ, ਉਪਨਗਰੀ ਰੇਲਵੇ, ਕਿਸ਼ਤੀ ਅਤੇ ਬੱਸ ਆਵਾਜਾਈ ਨੂੰ ਏਕੀਕ੍ਰਿਤ ਕਰੇਗਾ।

**ਫ਼ੈਸਲਾ: ਗੈਸ ਅਧਾਰਿਤ ਅਰਥਵਿਵਸਥਾ ਦੀ ਦਿਸ਼ਾ ਵਿੱਚ ਇਤਿਹਾਸਿਕ ਪਹਿਲ ਦੇ ਨਾਲ ਕੁਦਰਤੀ ਗੈਸ ਮਾਰਕਿਟਿੰਗ ਸੁਧਾਰਾਂ ਨੂੰ ਮਨਜ਼ੂਰੀ।**

**ਪ੍ਰਭਾਵ:** 2014 ਵਿੱਚ ਜਦੋਂ ਨਵੀਂ ਸਰਕਾਰ ਬਣੀ ਤਾਂ ਦੇਸ਼ ਵਿੱਚ ਕੁਦਰਤੀ ਗੈਸ ਦੀ ਕੀਮਤ ਕੀ ਹੋਵੇ, ਇਸ ਦੀ ਬਹਿਸ ਉਸ ਨੂੰ ਵਿਰਾਸਤ ਵਿੱਚ ਮਿਲੀ, ਜਿਸ ਤੋਂ ਬਾਅਦ 2016 ਤੋਂ ਪੜਾਅਵਾਰ ਤਰੀਕੇ ਨਾਲ ਲਗਾਤਾਰ ਗੈਸ ਉਤਪਾਦਨ ਅਤੇ ਮਾਰਕਿਟਿੰਗ ਨੂੰ ਹੁਲਾਰਾ ਦਿੱਤਾ। 2019 ਵਿੱਚ ਨਵੀਂ ਖੋਜ ਵਾਲੇ ਗੈਸ ਉਤਪਾਦਨ ਖੇਤਰਾਂ ਨੂੰ ਵੀ ਪੂਰੀ ਆਜ਼ਾਦੀ ਦਿੱਤੀ ਗਈ। ਇਨ੍ਹਾਂ ਸੁਧਾਰਾਂ ਦਾ ਫ਼ਲ ਮਿਲਣ ਦਾ ਸਮਾਂ ਆ ਗਿਆ ਹੈ। ਲੇਕਿਨ ਇਹ ਸਾਰੀ ਪ੍ਰਕਿਰਿਆ ਵਿਵਾਦ ਰਹਿਤ ਅਤੇ ਪਾਰਦਰਸ਼ੀ ਕਿਵੇਂ ਹੋਵੇ, ਇਸ ਦੇ ਲਈ ਕੈਬਨਿਟ ਨੇ ਨਵੇਂ ਸੁਧਾਰਾਂ ਨੂੰ ਮਨਜ਼ੂਰੀ ਦਿੱਤੀ। ਗੈਸ ਆਧਾਰਿਤ ਅਰਥਵਿਵਸਥਾ ਵਿੱਚ 4 ਲੱਖ ਕਰੋੜ ਦਾ ਨਿਵੇਸ਼ ਹੋ ਰਿਹਾ ਹੈ। ਇਸ ਫ਼ੈਸਲੇ ਨਾਲ ਆਯਾਤ ਘਟੇਗਾ ਅਤੇ ਦੇਸ਼ ਦੀ ਵਿਦੇਸ਼ੀ ਮੁਦਰਾ ਦੀ ਬੱਚਤ ਹੋਵੇਗੀ।

- **ਐਵੇਂ ਹੋਵੇਗੀ ਪਹਿਲ:** ਗੈਸ ਦੇ ਬਜ਼ਾਰ ਮੁੱਲ ਦਾ ਪਤਾ ਲਗਾਉਣ ਦੇ ਲਈ ਮਿਆਰੀ ਕਾਰਜ ਪੱਧਤੀ ਨਿਰਧਾਰਿਤ ਹੋਵੇਗੀ।
- ਸਬੰਧਿਤ ਕੰਪਨੀਆਂ ਨੂੰ ਬੋਲੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਦੀ ਮਨਜ਼ੂਰੀ, ਕੁਝ ਖੇਤਰ ਵਿਕਾਸ ਯੋਜਨਾਵਾਂ ਨੂੰ ਮਾਰਕਿਟਿੰਗ ਦੀ ਆਜ਼ਾਦੀ।
- ਗੈਸ ਖ਼ਪਤ ਨੂੰ ਹੁਲਾਰਾ ਮਿਲੇਗਾ, ਘਰੇਲੂ ਉਤਪਾਦਨ ਦੀ ਸਥਿਰਤਾ ਸੁਨਿਸ਼ਚਿਤ ਹੋਵੇਗੀ। ਨਿਵੇਸ਼ ਵਧੇਗਾ। ਸੂਖਮ, ਲਘੂ ਅਤੇ ਦਰਮਿਆਨੇ ਉਦਯੋਗ ਸਮੇਤ ਗੈਸ ਉਪਭੋਗ ਖੇਤਰਾਂ ਵਿੱਚ ਰੋਜ਼ਗਾਰ ਦੇ ਅਵਸਰ ਪੈਦਾ ਹੋਣਗੇ।

**ਫ਼ੈਸਲਾ: ਨਵੀਂ ਰਾਸ਼ਟਰੀ ਸਿੱਖਿਆ ਨੀਤੀ ਨੂੰ ਅਮਲੀਜਾਮਾ ਪਹਿਨਾਉਣ ਦੇ ਲਈ 5718 ਕਰੋੜ ਰੁਪਏ ਦੇ 'ਸਟਾਰਸ-STARS' ਪ੍ਰੋਗਰਾਮ ਨੂੰ ਮਨਜ਼ੂਰੀ।**

**ਪ੍ਰਭਾਵ:** ਰਟੰਤ ਸਿੱਖਿਆ ਦੀ ਜਗ੍ਹਾ ਸਿੱਖਣ ਨੂੰ ਹੁਲਾਰਾ ਮਿਲੇਗਾ। ਸਿੱਖਿਆ ਖੇਤਰ ਵਿੱਚ ਨਵੀਂ ਕ੍ਰਾਂਤੀ ਦਾ ਪਹਿਲਾ ਕਦਮ ਹੈ ਜਿੱਥੋਂ ਨੀਤੀ ਅਮਲ ਵਿੱਚ ਆਵੇਗੀ।

- 3 ਤੋਂ 8 ਸਾਲ ਤੱਕ ਦੀ ਜੋ ਪ੍ਰਾਰੰਭਿਕ ਸਿੱਖਿਆ ਦੀ ਪਰਿਕਲਪਨਾ ਵਿੱਚ ਮੂਲਭੂਤ ਸਾਖਰਤਾ ਅਤੇ ਸੰਖਿਆ ਗਿਆਨ ਵਧੇ, ਅਧਿਆਪਕਾਂ ਨੂੰ ਟ੍ਰੇਨਿੰਗ ਮਿਲੇ, ਬੋਰਡ ਵਿੱਚ ਸਮਰੱਥਾ ਅਧਾਰਿਤ ਮੁੱਲਾਂਕਣ ਹੋਵੇ, ਇਸ ਦੇ ਨਾਲ ਆਜ਼ਾਦ ਮੁੱਲਾਂਕਣ ਵਿਵਸਥਾ ਹੋਵੇ, ਇਸ ਦੇ ਲਈ ਅਲੱਗ ਪ੍ਰੋਗਰਾਮ ਅਤੇ ਸੰਸਥਾ ਬਣੇਗੀ।
- ਵਿਸ਼ਵ ਬੈਂਕ 3700 ਕਰੋੜ ਰੁਪਏ ਦਾ ਸਹਿਯੋਗ ਦੇਵੇਗਾ ਅਤੇ ਰਾਜ 2 ਹਜ਼ਾਰ ਕਰੋੜ ਰੁਪਏ ਦੇਣਗੇ। ਹਾਲੇ 6 ਰਾਜਾਂ ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ, ਕੇਰਲ ਅਤੇ ਓਡੀਸ਼ਾ ਵਿੱਚ ਪ੍ਰੋਗਰਾਮ ਚਲੇਗਾ। ਅਜਿਹਾ ਹੀ ਪ੍ਰੋਗਰਾਮ ਏਸ਼ੀਅਨ ਡਿਵੈਲਪਮੈਂਟ ਬੈਂਕ ਦੇ ਮਾਧਿਅਮ ਨਾਲ ਗੁਜਰਾਤ, ਅਸਾਮ, ਝਾਰਖੰਡ, ਉੱਤਰਾਖੰਡ ਅਤੇ ਤਮਿਲ ਨਾਡੂ ਵਿੱਚ ਚਲੇਗਾ। ਰਾਜਾਂ ਦੇ ਦਰਮਿਆਨ ਸਹਿਯੋਗ, ਅਧਿਆਪਕਾਂ ਦੀ ਟ੍ਰੇਨਿੰਗ, ਪਰੀਖਿਆ ਵਿੱਚ ਸੁਧਾਰ ਹੋਵੇਗਾ। ਇਸ ਨਾਲ ਅੰਤਰਰਾਸ਼ਟਰੀ ਮੁਕਾਬਲੇ ਵਿੱਚ ਭਾਰਤ ਹਿੱਸਾ ਲੈ ਸਕੇਗਾ।

**ਕੈਬਨਿਟ ਦੇ ਫ਼ੈਸਲਿਆਂ 'ਤੇ ਪੂਰਾ ਸੰਬੋਧਨ ਸੁਣਨ ਦੇ ਲਈ QR ਕੋਡ ਸਕੈਨ ਕਰੋ।**

**ਫ਼ੈਸਲਾ: ਰਾਸ਼ਟਰੀ ਖਣਿਜ ਵਿਕਾਸ ਨਿਗਮ (ਐੱਨਐੱਮਡੀਸੀ) ਤੋਂ ਨਗਰਨਾਰ ਇਸਪਾਤ ਪਲਾਂਟ ਹੁਣ ਅਲੱਗ ਕਰਨ ਅਤੇ ਫਿਰ ਉਸ ਦਾ ਵਿਨਿਵੇਸ਼ ਕੀਤੇ ਜਾਣ ਨੂੰ ਸਿਧਾਂਤਕ ਮਨਜ਼ੂਰੀ।**

**ਪ੍ਰਭਾਵ:** ਐੱਨਐੱਮਡੀਸੀ ਛੱਤੀਸਗੜ੍ਹ ਦੇ ਬਸਤਰ ਵਿੱਚ ਨਗਰਨਾਲ ਸਟੀਲ ਪਲਾਂਟ ਬਣਾ ਰਹੀ ਸੀ ਜਿਸ ਦਾ 90 ਫ਼ੀਸਦੀ ਕੰਮ ਪੂਰਾ ਹੋ ਚੁੱਕਿਆ ਹੈ। ਮਾਰਚ 2021 ਤੱਕ ਬਾਕੀ ਕੰਮ ਵੀ ਪੂਰਾ ਹੋਵੇਗਾ। ਖਨਨ ਅਤੇ ਇਸਪਾਤ ਦੇ ਦੋਹਾਂ ਖੇਤਰਾਂ ਨੂੰ ਅਲੱਗ ਕਰਨ ਦੇ ਫ਼ੈਸਲੇ ਨਾਲ ਦੋਵੇਂ ਉਦਯੋਗ ਆਪਣੀ ਸਮਰੱਥਾ ਦੇ ਨਾਲ ਅੱਗੇ ਵਧ ਸਕਣਗੇ। ਇਸ ਨਾਲ ਐੱਨਐੱਮਡੀਸੀ ਆਪਣੀ ਮੁੱਖ ਖਨਨ ਦੀ ਗਤੀਵਿਧੀ 'ਤੇ ਕੇਂਦ੍ਰਿਤ ਕਰੇਗਾ।

**ਫ਼ੈਸਲਾ: ਤੇਲ ਭੰਡਾਰਨ 'ਤੇ ਖ਼ਰਚ ਹੋਏ 3874 ਕਰੋੜ ਰੁਪਏ ਨੂੰ ਮਨਜ਼ੂਰੀ, ਜਿਸ ਨੂੰ ਅਬੂਧਾਬੀ ਆਇਲ ਕੰਪਨੀ ਦੇ ਭਾਰਤ ਵਿੱਚ ਬਣਾਏ ਰਿਜ਼ਰਵ ਵਿੱਚ ਰੱਖਿਆ ਗਿਆ ਸੀ। ਕੰਪਨੀ ਨੂੰ ਵੀ ਵਪਾਰ ਦੀ ਆਗਿਆ ਦਿੱਤੀ।**

**ਪ੍ਰਭਾਵ:** ਇਸ ਨਾਲ ਸੁਰੱਖਿਆ ਅਤੇ ਭੰਡਾਰਨ ਦੀ ਸੁਵਿਧਾ ਬਿਨਾ ਕਿਸੇ ਖ਼ਰਚ ਦੇ ਭਾਰਤ ਨੂੰ ਮਿਲੀ ਅਤੇ ਸਾਰਾ ਖ਼ਰਚ ਯੂਏਈ ਦੀ ਕੰਪਨੀ ਨੇ ਹੀ ਚੁੱਕਿਆ। ਜਦੋਂ ਕੱਚਾ ਤੇਲ ਸਸਤਾ ਸੀ ਤਾਂ ਉਦੋਂ 1 ਕਰੋੜ 60 ਲੱਖ ਬੈਰਲ ਕੱਚਾ ਤੇਲ ਭਾਰਤ ਨੇ ਖਰੀਦ ਕੇ ਇੱਥੇ ਰੱਖਿਆ ਹੋਇਆ ਹੈ। ਇਸ ਸੁਧਾਰ ਦੇ ਫ਼ੈਸਲੇ ਨਾਲ ਭੰਡਾਰਨ ਵਾਲੇ ਇਸ ਖੇਤਰ ਨਾਲ ਵਪਾਰ ਵੀ ਹੋ ਸਕੇਗਾ। ਇਹ ਸੰਯੁਕਤ ਅਰਬ ਅਮੀਰਾਤ ਨਾਲ ਭਾਰਤ ਦੇ ਜੋ ਚੰਗੇ ਸਬੰਧ ਬਣੇ, ਉਨ੍ਹਾਂ ਦੀ ਮਿਸਾਲ ਹੈ।

**ਫ਼ੈਸਲਾ: ਜਪਾਨ ਦੇ ਨਾਲ ਸਾਈਬਰ ਸੁਰੱਖਿਆ ਦੇ ਖੇਤਰ ਵਿੱਚ ਸਹਿਯੋਗ ਸਮਝੌਤੇ 'ਤੇ ਹਸਤਾਖਰ ਨੂੰ ਮਨਜ਼ੂਰੀ।**

**ਪ੍ਰਭਾਵ:** ਦੋਹਾਂ ਦੇਸ਼ਾਂ ਦੇ ਦਰਮਿਆਨ ਤਕਨੀਕ ਦਾ ਲੈਣ ਦੇਣ ਹੋਵੇਗਾ। ਸਾਈਬਰ ਖੇਤਰ ਵਿੱਚ ਸਮਰੱਥਾ ਨਿਰਮਾਣ, ਮਹਤਵਪੂਰਨ ਬੁਨਿਆਦੀ ਢਾਂਚੇ ਦੀ ਸੁਰੱਖਿਆ ਦੇ ਨਾਲ ਸੰਭਾਵਿਤ ਖ਼ਤਰਿਆਂ 'ਤੇ ਵੀ ਦੋਵੇਂ ਦੇਸ਼ ਮਿਲ ਕੇ ਕੰਮ ਕਰਨਗੇ।

**ਫ਼ੈਸਲਾ: ਸਟਾਕਹੋਮ ਕਨਵੈਨਸ਼ਨ ਮਿਸ਼ਨ ਦੇ ਤਹਿਤ ਸਿਹਤ ਦੇ ਲਈ ਖ਼ਤਰਨਾਕ ਸੱਤ ਕੈਮੀਕਲਾਂ ਨੂੰ ਬੰਦ ਕੀਤਾ।**

**ਪ੍ਰਭਾਵ:** ਸਿਹਤ ਅਤੇ ਵਾਤਾਵਰਣ ਦੀ ਰੱਖਿਆ ਦੇ ਸਬੰਧ ਵਿੱਚ ਭਾਰਤ ਨੇ ਸੰਕਲਪ ਜਤਾਇਆ ਅਤੇ ਕਨਵੈਨਸ਼ਨ ਦੇ ਤਹਿਤ ਸੂਚੀਬੱਧ 7 ਕੈਮੀਕਲਾਂ ਨੂੰ ਬੰਦ ਕਰਕੇ ਭਾਰਤ ਦੁਆਰਾ ਦੁਨੀਆ ਨੂੰ ਪਾਜ਼ਿਟਿਵ ਸੰਦੇਸ਼ ਦਿੱਤਾ।

# ਲੋਕਲ ਖਰੀਦਣ ਲਗਿਆ ਭਾਰਤ | ਗਲੋਬਲ ਹੋਣ ਲਗਿਆ ਉਤਪਾਦ

**'ਭਾਰਤ ਪ੍ਰਥਮ' ਦੇ ਸਿਧਾਂਤ ਨਾਲ ਹੁਣ 'ਵੋਕਲ ਫ਼ਾਰ ਲੋਕਲ' ਆਤਮਨਿਰਭਰ ਭਾਰਤ ਦਾ ਮੰਤਰ ਬਣਿਆ ਹੈ। ਇੱਕ ਪਾਸੇ ਲੋਕ ਸਥਾਨਕ ਉਤਪਾਦਾਂ ਨੂੰ ਪ੍ਰਾਥਮਿਕਤਾ ਦੇ ਰਹੇ ਹਨ ਤਾਂ ਦੂਜੇ ਪਾਸੇ 'ਮੇਕ ਇਨ ਇੰਡੀਆ, ਮੇਡ ਫ਼ਾਰ ਵਰਲਡ' ਦੇ ਨਾਅਰੇ ਦੇ ਨਾਲ ਕੋਰੋਨਾ ਜਿਹੀ ਮਹਾਮਾਰੀ ਦੇ ਦਰਮਿਆਨ ਵੀ ਭਾਰਤ ਦਾ ਨਿਰਯਾਤ ਵਧਿਆ ਹੈ। ਭਾਰਤੀ ਉਤਪਾਦਾਂ ਨੂੰ ਹੁਣ ਮਿਲ ਰਹੀ ਹੈ ਗਲੋਬਲ ਪਹਿਚਾਣ, ਜਿਸ ਨੇ ਦਿੱਤਾ ਦੁਨੀਆ ਨੂੰ ਦੋ-ਟੁੱਕ ਸੰਦੇਸ਼ - "ਭਾਰਤ ਦੀ ਕਹਾਣੀ ਅੱਜ ਮਜ਼ਬੂਤ ਹੈ, ਕੱਲ੍ਹ ਹੋਰ ਵੀ ਮਜ਼ਬੂਤ ਹੋਵੇਗੀ।"**



ਫੋਟੋ ਵਿਜੈ ਕੁਮਾਰ



> ਤਿਉਹਾਰ ਸਾਡੇ ਜੀਵਨ ਵਿੱਚ ਇੱਕ ਨਵੀਂ ਚੇਤਨਾ ਨੂੰ ਜਗਾਉਣ ਵਾਲੇ ਦਿਨ ਹੁੰਦੇ ਹਨ ਅਤੇ ਦੀਵਾਲੀ ਨੂੰ ਤਾਂ ਖ਼ਾਸ ਤੌਰ 'ਤੇ ਕੁਝ ਨਾ ਕੁਝ ਨਵਾਂ ਖਰੀਦਣਾ, ਬਜ਼ਾਰ ਤੋਂ ਕੁਝ ਲਿਆਉਣਾ ਹਰ ਪਰਿਵਾਰ ਵਿੱਚ ਹੁੰਦਾ ਹੈ। ਲੇਕਿਨ ਜਿੰਨਾ ਜ਼ਿਆਦਾ ਅਸੀਂ ਆਪਣੀਆਂ ਸਥਾਨਕ ਚੀਜ਼ਾਂ ਖਰੀਦਣ ਦਾ ਯਤਨ ਕਰਾਂਗੇ, ਓਨਾ ਹੀ ਚੰਗਾ ਹੋਵੇਗਾ। ਮੇਰੀ ਤਾਂ ਤਾਕੀਦ ਰਹਿੰਦੀ ਹੈ ਕਿ ਸਾਡੇ ਬੁਣਕਰਾਂ ਦੇ ਹੱਥਾਂ ਨਾਲ ਬਣਿਆ ਹੋਇਆ, ਸਾਡੇ ਖਾਦੀ ਵਾਲਿਆਂ ਦੇ ਹੱਥ ਨਾਲ ਬਣਿਆ ਹੋਇਆ, ਕੁਝ ਨਾ ਕੁਝ ਸਾਨੂੰ ਖਰੀਦਣਾ ਹੀ ਚਾਹੀਦਾ ਹੈ।
>
> - ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਅਗਲੇ ਕਈ ਹਫ਼ਤਿਆਂ ਤੱਕ ਦੇਸ਼ ਭਰ ਵਿੱਚ ਤਿਉਹਾਰਾਂ ਦੀ ਰੌਣਕ ਰਹੇਗੀ ਇਹ ਤਿਉਹਾਰ ਇਸ ਵਾਰ ਖ਼ਾਸ ਹਨ। ਕੋਰੋਨਾ ਮਹਾਮਾਰੀ ਦੇ ਦਰਮਿਆਨ ਜਦੋਂ ਦੁਨੀਆ ਦੇ ਜੀਵਨ ਜੀਣ ਦਾ ਤਰੀਕਾ ਬਦਲਿਆ ਹੈ, ਤਦ ਭਾਰਤ ਨੇ ਵੀ ਵਿਕਾਸ ਵੱਲ ਸਫ਼ਲਤਾਪੂਰਵਕ ਕਦਮ ਵਧਾਉਂਦੇ ਹੋਏ ਜਤਾ ਦਿੱਤਾ ਹੈ ਕਿ ਭਾਰਤ ਦੀ ਪ੍ਰਗਤੀ ਵਿੱਚ ਹੀ ਵਿਸ਼ਵ ਦੀ ਪ੍ਰਗਤੀ ਸ਼ਾਮਲ ਹੈ। ਇਸੇ ਦਾ ਨਤੀਜਾ ਹੈ ਕਿ ਤਿਉਹਾਰਾਂ ਦੇ ਇਸ ਮੌਸਮ ਵਿੱਚ ਲੋਕਾਂ ਦਾ ਰੁਝਾਨ ਦੇਸ਼ ਵਿੱਚ ਬਣੀਆਂ ਵਸਤੂਆਂ ਵੱਲ ਵਧ ਰਿਹਾ ਹੈ। ਭਾਰਤ ਅੱਜ ਨਾ ਸਿਰਫ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਸਮਰੱਥ ਹੋ ਰਿਹਾ ਹੈ, ਬਲਕਿ ਦੁਨੀਆ ਨੂੰ ਸਹਿਯੋਗ ਕਰਨ ਦੇ ਮਾਮਲੇ ਵਿੱਚ ਭਾਰਤ ਦਾ ਅਕਸ ਰਾਮਾਇਣ ਵਿੱਚ ਵਰਨਣ ਕੀਤੇ ਹਨੂੰਮਾਨ ਦੀ ਤਰ੍ਹਾਂ ਬਣੀ ਹੈ। ਜਿਸ ਦਾ ਜ਼ਿਕਰ ਬ੍ਰਾਜ਼ੀਲ ਦੇ ਰਾਸ਼ਟਰਪਤੀ ਨੇ ਇੱਕ ਟਵੀਟ ਸੰਦੇਸ਼ ਵਿੱਚ ਕੀਤਾ ਸੀ, ਜਦੋਂ ਕੋਰੋਨਾ ਕਾਲ ਵਿੱਚ ਭਾਰਤ ਨੇ ਉਨ੍ਹਾਂ ਨੂੰ ਦਵਾਈਆਂ ਭੇਜੀਆਂ ਸਨ।

ਕੋਰੋਨਾ ਕਾਲ ਦੇ 6 ਮਹੀਨਿਆਂ ਵਿੱਚ ਵੀ ਹੁਣ ਤੱਕ ਭਾਰਤ ਦਾ ਨਿਰਯਾਤ ਪਿਛਲੇ ਸਾਲ ਦੇ ਮੁਕਾਬਲੇ ਤਕਰੀਬਨ 9.2 ਫ਼ੀਸਦੀ (ਰੁਪਏ ਵਿੱਚ ਗਣਨਾ ਦੇ ਅਨੁਸਾਰ) ਤੱਕ ਵਧਿਆ ਹੈ। ਹੱਥ ਖੱਡੀ ਹੋਵੇ ਜਾਂ ਖੇਤੀਬਾੜੀ ਖੇਤਰ, ਰੱਖਿਆ ਖੇਤਰ ਹੋਵੇ ਜਾਂ ਆਈਟੀ, ਮੈਡੀਕਲ ਖੇਤਰ ਹੋਵੇ, ਟੈਕਸਟਾਈਲ ਜਾਂ ਲੋਹਾ ਉਤਪਾਦ ਤਮਾਮ ਖੇਤਰਾਂ ਵਿੱਚ ਭਾਰਤ ਦਾ ਵਧਦਾ ਨਿਰਯਾਤ ਅੱਜ ਉਸ ਦੇ ਨਿਰੰਤਰ ਵਿਕਾਸ ਦੇ ਰਸਤੇ ਵਿੱਚ ਮੋਹਰੀ ਹੋਣ ਦੀ ਕਹਾਣੀ ਬਿਆਨ ਕਰਦਾ ਹੈ। ਇਹੀ ਨਹੀਂ, ਇਸ ਦੌਰਾਨ ਸਥਾਨਕ ਉਤਪਾਦਾਂ ਨੂੰ ਤਰਜੀਹ ਦਿੰਦੇ ਹੋਏ ਭਾਰਤ ਨੇ ਆਯਾਤ ਵੀ ਘੱਟ ਕੀਤਾ ਹੈ। ਆਤਮਨਿਰਭਰ ਭਾਰਤ ਦੀ ਸੰਕਲਪ ਯਾਤਰਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਸਦੀਆਂ ਤੋਂ ਭਾਰਤ ਦਾ ਗੌਰਵਮਈ ਇਤਿਹਾਸ ਰਿਹਾ ਹੈ। ਭਾਰਤ ਜਦੋਂ ਸਮ੍ਰਿੱਧ ਸੀ, ਸੋਨੇ ਦੀ ਚਿੜੀ ਕਿਹਾ ਜਾਂਦਾ ਸੀ, ਤਦ ਵੀ ਸਦਾ ਦੁਨੀਆ ਦੇ ਕਲਿਆਣ ਦੀ ਰਾਹ 'ਤੇ ਹੀ ਚਲਿਆ। ਸਮਾਂ ਬਦਲ ਗਿਆ, ਦੇਸ਼ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜਿਆ ਗਿਆ, ਵਿਕਾਸ ਦੇ ਲਈ ਤਰਸਣਾ ਪਿਆ, ਲੇਕਿਨ ਅੱਜ ਭਾਰਤ ਵਿਕਾਸ ਵੱਲ ਸਫ਼ਲਤਾਪੂਰਵਕ ਕਦਮ ਵਧਾ ਰਿਹਾ ਹੈ, ਤਦ ਵੀ ਉਸ ਦੀ ਆਤਮਾ ਵਿੱਚ ਵਸੁਧੈਵ ਕੁਟੁੰਬਕਮ ਦੀ ਭਾਵਨਾ ਹੈ।

## ਖੇਤੀਬਾੜੀ

**43.4**
**ਫ਼ੀਸਦੀ ਇਸ ਸਾਲ ਵਧਿਆ ਨਿਰਯਾਤ**

- ਕੋਰੋਨਾ ਕਾਲ ਵਿੱਚ ਅਪ੍ਰੈਲ-ਸਤੰਬਰ 2020 ਵਿੱਚ ਖੇਤੀਬਾੜੀ ਵਸਤਾਂ ਦੇ ਨਿਰਯਾਤ ਵਿੱਚ ਪਿਛਲੇ ਸਾਲ ਦੇ ਮੁਕਾਬਲੇ 43.4 ਫ਼ੀਸਦੀ ਦਾ ਵਾਧਾ।

- ਖੇਤੀ ਜਿਣਸਾਂ ਦੇ ਨਿਰਯਾਤ ਵਿੱਚ ਅਪ੍ਰੈਲ-ਸਤੰਬਰ 2019 ਦੀ ਤੁਲਨਾ ਵਿੱਚ ਇਸ ਸਾਲ 81.7 ਫ਼ੀਸਦੀ ਦਾ ਵਾਧਾ।
- ਮੂੰਗਫਲੀ ਦਾ ਨਿਰਯਾਤ 35 ਫ਼ੀਸਦੀ, ਰਿਫਾਇੰਡ ਚੀਨੀ ਦਾ ਨਿਰਯਾਤ 104 ਫ਼ੀਸਦੀ, ਕਣਕ ਦਾ ਨਿਰਯਾਤ 206 ਫ਼ੀਸਦੀ, ਬਾਸਮਤੀ ਚਾਵਲ ਦਾ ਨਿਰਯਾਤ 13 ਫ਼ੀਸਦੀ ਅਤੇ ਗ਼ੈਰ-ਬਾਸਮਤੀ ਚਾਵਲ ਦਾ ਨਿਰਯਾਤ 105 ਫ਼ੀਸਦੀ ਰਿਹਾ।
- ਖੇਤੀਬਾੜੀ ਨਿਰਯਾਤ ਨੂੰ ਹੁਲਾਰਾ ਦੇਣ ਦੇ ਲਈ ਸਾਲ 2018 ਵਿੱਚ ਖੇਤੀਬਾੜੀ ਨਿਰਯਾਤ ਨੀਤੀ ਦਾ ਐਲਾਨ।
- ਖੇਤੀਬਾੜੀ ਕਾਰੋਬਾਰ ਨੂੰ ਹੁਲਾਰਾ ਦੇਣ ਦੇ ਲਈ ਅਗਸਤ 2020 ਵਿੱਚ 1 ਲੱਖ ਕਰੋੜ ਰੁਪਏ ਦੇ ਐਗਰੀ ਇਨਫ਼ਰਾ ਫ਼ੰਡ ਦੀ ਸ਼ੁਰੂਆਤ।
- ਕਿਸਾਨਾਂ ਦੀ ਆਮਦਨ ਵਧਾਉਣ ਦੇ ਲਈ ਸਤੰਬਰ 2020 ਵਿੱਚ ਖੇਤੀਬਾੜੀ ਸੁਧਾਰ ਕਾਨੂੰਨ ਲਾਗੂ।

(ਅੰਕੜੇ ਅਪ੍ਰੈਲ-ਸਤੰਬਰ 2019 ਅਤੇ 2020 ਦੇ)

**ਸਥਾਨਕ ਉਤਪਾਦਾਂ ਨੂੰ ਹੁਲਾਰਾ ਦੇਣ ਦੇ ਨਾਲ ਲੋਕਾਂ ਨੂੰ ਰੋਜ਼ਗਾਰ ਮਿਲੇ ਇਸ ਦੇ ਲਈ ਪਿਛਲੇ ਤਿੰਨ ਸਾਲਾਂ ਵਿੱਚ ਖਾਦੀ ਅਤੇ ਗ੍ਰਾਮ ਉਦਯੋਗ ਨੇ ਤਿੰਨ ਲੱਖ ਨਵੇਂ ਯੂਨਿਟ ਦੇ ਲਈ ਸਹਾਇਤਾ ਦਿੱਤੀ ਹੈ। 27 ਲੱਖ ਲੋਕਾਂ ਨੂੰ ਰੋਜ਼ਗਾਰ ਮਿਲਿਆ।**

## ਦੀਵਾਲੀ ਅਤੇ ਲੋਕਲ ਫਾਰ ਵੋਕਲ ਦਾ ਮੰਤਰ

ਕੇਂਦਰ ਸਰਕਾਰ 2014 ਤੋਂ ਹੀ ਇਸ ਦਿਸ਼ਾ ਵਿੱਚ ਕੰਮ ਕਰ ਰਹੀ ਹੈ ਕਿ ਸਥਾਨਕ ਉਤਪਾਦਾਂ ਨੂੰ ਹੁਲਾਰਾ ਮਿਲੇ। ਯਾਨੀ ਜ਼ਰੂਰਤ ਦੀਆਂ ਜੋ ਚੀਜ਼ਾਂ ਪਿੰਡ ਵਿੱਚ ਮਿਲਦੀਆਂ ਹਨ ਉਸ ਦੇ ਲਈ ਤਹਿਸੀਲ ਵਿੱਚ ਜਾਣ ਦੀ ਜ਼ਰੂਰਤ ਨਾ ਹੋਵੇ ਅਤੇ ਜੋ ਚੀਜ਼ਾਂ ਤਹਿਸੀਲ ਵਿੱਚ ਉਪਲਬਧ ਹਨ ਉਨ੍ਹਾਂ ਲਈ ਜ਼ਿਲ੍ਹੇ ਦੇ ਬਜ਼ਾਰ ਵਿੱਚ ਜਾਣ ਦੀ ਜ਼ਰੂਰਤ ਨਾ ਹੋਵੇ। ਇਹੀ ਵਜ੍ਹਾ ਹੈ ਕਿ ਤਿਉਹਾਰਾਂ ਦੇ ਸਮੇਂ ਵਿਕਣ ਵਾਲੇ ਮਿੱਟੀ ਦੇ ਰਵਾਇਤੀ ਉਤਪਾਦਾਂ ਨੂੰ ਬਣਾਉਣ ਵਿੱਚ ਕੇਂਦਰ ਸਰਕਾਰ ਖੁਦ ਸਾਹਮਣੇ ਆਈ ਹੈ। ਇਸ ਦੀਵਾਲੀ 'ਤੇ ਮਿੱਟੀ ਦਾ ਦੀਵਾ, ਸਜਾਵਟ ਦੇ ਲਈ ਮਿੱਟੀ ਦੇ ਹੋਰ ਉਤਪਾਦ, ਉਪਹਾਰ ਸਮੱਗਰੀ ਅਤੇ ਭਗਵਾਨ ਲਕਸ਼ਮੀ-ਗਣੇਸ਼ ਦੀਆਂ ਮੂਰਤੀਆਂ ਬਣਾਉਣ ਦੇ ਲਈ ਖਾਦੀ ਗ੍ਰਾਮ ਉਦਯੋਗ ਕਮਿਸ਼ਨ ਨੇ ਵੱਡੇ ਪੈਮਾਨੇ 'ਤੇ ਤਿਆਰੀ ਕੀਤੀ ਹੈ। ਇਸ ਦੇ ਲਈ ਸੰਗਠਿਤ ਤੌਰ 'ਤੇ ਘੱਟ ਤੋਂ ਘੱਟ ਇੱਕ ਲੱਖ ਦੀਵੇ ਅਤੇ ਭਗਵਾਨ ਲਕਸ਼ਮੀ-ਗਣੇਸ਼ ਦੀਆਂ ਮੂਰਤੀਆਂ ਸਿਰਫ ਔਨਲਾਈਨ ਵੇਚਣ ਦੇ ਲਈ ਵਾਰਾਣਸੀ, ਰਾਜਸਥਾਨ, ਜੰਮੂ ਕਸ਼ਮੀਰ, ਲੇਹ, ਹਰਿਆਣਾ ਅਤੇ ਗੁਜਰਾਤ ਵਿੱਚ ਤਿਆਰ ਕੀਤੇ ਜਾ ਰਹੇ ਹਨ। ਜਦੋਂਕਿ ਅਸੰਗਠਿਤ ਖੇਤਰ ਵਿੱਚ ਵੀ ਇਸ ਦਾ ਬਜ਼ਾਰ ਬਹੁਤ ਵਿਆਪਕ ਹੈ। ਯਾਨੀ ਇਸ ਦੀਵਾਲੀ ਰਾਜਸਥਾਨ ਵਿੱਚ ਬਾੜਮੇਰ ਦੇ ਕਿਸੇ ਪਿੰਡ ਵਿੱਚ ਇੱਕ ਘੁਮਿਆਰ (ਕੁਮਹਾਰ) ਦਾ ਬਣਾਇਆ ਦੀਵਾ ਹਰਿਆਣਾ ਵਿੱਚ ਕਿਸੇ ਘਰ ਦੇ ਵਿਹੜੇ ਨੂੰ ਰੋਸ਼ਨੀ ਦੇ ਰਿਹਾ ਹੋਵੇਗਾ। ਇਸ ਤੋਂ ਪਹਿਲਾਂ ਇਹ ਸੰਭਵ ਨਹੀਂ ਸੀ।

**ਕੋਰੋਨਾ ਨੇ ਦੁਨੀਆ ਦੀ ਅਰਥਵਿਵਸਥਾ ਨੂੰ ਪ੍ਰਭਾਵਿਤ ਕੀਤਾ ਹੈ। ਲੇਕਿਨ ਆਈਐੱਮਐੱਫ਼ ਦੀ ਇੱਕ ਰਿਪੋਰਟ ਦੇ ਮੁਤਾਬਕ ਅਗਲੇ ਸਾਲ ਯਾਨੀ 2021 ਵਿੱਚ 8.8 ਫ਼ੀਸਦੀ ਵਾਧਾ ਦਰ ਦੇ ਨਾਲ ਭਾਰਤ ਦੀ ਅਰਥਵਿਵਸਥਾ ਇੱਕ ਵਾਰ ਫਿਰ ਸਭ ਤੋਂ ਤੇਜ਼ ਗਤੀ ਨਾਲ ਉੱਭਰਨ ਵਾਲੀ ਅਰਥਵਿਵਸਥਾ ਬਣੇਗੀ।**

ਮੀਡੀਆ ਰਿਪੋਟਰਸ ਦੇ ਮੁਤਾਬਕ ਕਨਫੈਡਰੇਸ਼ਨ ਆਵ੍ ਆਲ ਇੰਡੀਆ ਟ੍ਰੇਡਰਸ (ਕੈਟ) ਦੇ ਅੰਕੜਿਆਂ 'ਤੇ ਗੌਰ ਕਰੀਏ ਤਾਂ ਦੀਵਾਲੀ ਦੇ 20 ਦਿਨਾਂ ਦੇ ਅੰਦਰ ਦੇਸ਼ ਵਿੱਚ ਕਰੀਬ ਇੱਕ ਲੱਖ ਕਰੋੜ ਰੁਪਏ ਦਾ

## ਮੈਡੀਕਲ

**ਪੀਪੀਈ ਕਿੱਟਾਂ ਅਤੇ ਵੈਂਟੀਲੇਟਰਾਂ ਦੇ ਸਭ ਤੋਂ ਵੱਡੇ ਉਤਪਾਦਕ ਬਣੇ**



**24.36%**

ਫ਼ੀਸਦੀ ਦਵਾਈਆਂ-ਫਾਰਮਾਸਿਊਟੀਕਲ ਦੇ ਨਿਰਯਾਤ ਵਿੱਚ ਵਾਧਾ ਅਪ੍ਰੈਲ-ਸਤੰਬਰ 2020 ਵਿੱਚ

- 150 ਦੇਸ਼ਾਂ ਨੂੰ ਅਸੀਂ ਕੋਰੋਨਾ ਦੇ ਬਚਾਅ ਵਿੱਚ ਕਾਰਗਰ ਹਾਈਡ੍ਰੋਕਸੀਕਲੋਰੋਕੁਈਨ ਦਵਾਈ ਭੇਜੀ। ਦਵਾਈਆਂ ਅਤੇ ਫਾਰਮਾਸਿਊਟੀਕਲ ਦੇ ਨਿਰਯਾਤ ਵਿੱਚ ਇਸ ਸਾਲ 24.38 ਫ਼ੀਸਦੀ ਦਾ ਵਾਧਾ।
- ਕੋਰੋਨਾ ਮਹਾਮਾਰੀ ਤੋਂ ਪਹਿਲਾਂ ਭਾਰਤ ਵਿੱਚ ਪੀਪੀਈ ਕਿੱਟਾਂ ਬਣਦੀਆਂ ਹੀ ਨਹੀਂ ਸਨ, ਹੁਣ ਰੋਜ਼ 5 ਲੱਖ ਪੀਪੀਈ ਕਿੱਟਾਂ ਭਾਰਤ ਵਿੱਚ ਬਣਾਈਆਂ ਜਾਂਦੀਆਂ ਹਨ।
- ਜਨਵਰੀ 2020 ਤੋਂ ਪਹਿਲਾਂ ਵੈਂਟੀਲੇਟਰ ਦਾ ਉਤਪਾਦਨ ਵੀ ਲਗਭਗ ਨਾ ਮਾਤਰ ਸੀ। ਹੁਣ ਅਸੀਂ ਇਸ ਨੂੰ ਦੂਜੇ ਦੇਸ਼ਾਂ ਨੂੰ ਵੇਚਣ ਦੇ ਸਮਰੱਥ ਹਾਂ।
- ਅਲਕੋਹਲ ਬੇਸਡ ਹੈਂਡ ਸੈਨੀਟਾਈਜ਼ਰ ਜੋ ਭਾਰਤ ਵਿੱਚ ਪਹਿਲਾਂ 10 ਲੱਖ ਲੀਟਰ ਪ੍ਰਤੀ ਸਾਲ ਬਣਦਾ ਸੀ। ਹੁਣ 38 ਲੱਖ ਲੀਟਰ ਰੋਜ਼ਾਨਾ ਇਸ ਦਾ ਉਤਪਾਦਨ ਹੋ ਰਿਹਾ ਹੈ।

**ਸਾਲ 2015 ਵਿੱਚ ਪ੍ਰਧਾਨ ਮੰਤਰੀ ਦੀ ਅਪੀਲ ਦੇ ਬਾਅਦ ਦੇਸ਼ ਵਿੱਚ ਖਾਦੀ ਦੇ ਕੱਪੜਿਆਂ ਦੀ ਮੰਗ 6 ਸਾਲਾਂ ਵਿੱਚ 389 ਫ਼ੀਸਦੀ ਤੱਕ ਵਧੀ ਤਾਂ ਅਪ੍ਰੈਲ-ਸਤੰਬਰ 2020 ਦੀ ਛਿਮਾਹੀ ਵਿੱਚ ਭਾਰਤ ਦੇ ਹੈਂਡਲੂਮ ਨਿਰਯਾਤ ਵਿੱਚ 15.39 ਫ਼ੀਸਦੀ, ਕਾਲੀਨ ਨਿਰਯਾਤ ਵਿੱਚ 42.89 ਫ਼ੀਸਦੀ ਦਾ ਵਾਧਾ ਹੋਇਆ। ਹਸਤਸ਼ਿਲਪ ਨਿਰਯਾਤ ਵਿੱਚ 21.82 ਫ਼ੀਸਦੀ ਦਾ ਵਾਧਾ।**




**9.2** ਫ਼ੀਸਦੀ ਵਧਿਆ ਨਿਰਯਾਤ ਪਿਛਲੇ ਸਾਲ ਤੋਂ, ਆਯਾਤ 19.60 ਫ਼ੀਸਦੀ ਘੱਟ

- ਸਤੰਬਰ 2019 ਦੇ ਮੁਕਾਬਲੇ ਸਤੰਬਰ 2020 ਵਿੱਚ ਭਾਰਤ ਦੇ ਨਿਰਯਾਤ ਵਿੱਚ ਰੁਪਏ ਦੇ ਲਿਹਾਜ਼ ਨਾਲ 9.2 ਫ਼ੀਸਦੀ ਦਾ ਸਕਾਰਾਤਮਕ ਵਾਧਾ। ਇਸ ਸਾਲ ਅਸੀਂ ਦੁਨੀਆ ਨੂੰ 202694.07 ਕਰੋੜ ਰੁਪਏ ਦੇ ਸਮਾਨ ਦਾ ਨਿਰਯਾਤ ਕੀਤਾ, ਜਦਕਿ ਸਤੰਬਰ 2019 ਵਿੱਚ ਇਹ 185642.32 ਕਰੋੜ ਰੁਪਏ ਸੀ। ਇਸ ਦੌਰਾਨ ਆਯਾਤ 19.60 ਫ਼ੀਸਦੀ ਘੱਟ ਹੋਇਆ।
- ਗ਼ੈਰ ਪੈਟਰੋਲੀਅਮ, ਗ਼ੈਰ ਰਤਨ ਗਹਿਣਿਆਂ ਦੇ ਨਿਰਯਾਤ ਵਿੱਚ ਸਤੰਬਰ 2019 ਦੀ ਤੁਲਨਾ ਵਿੱਚ ਸਤੰਬਰ 2020 ਵਿੱਚ 11.94 ਫ਼ੀਸਦੀ ਵਾਧਾ ਦਰਜ ਕੀਤਾ ਗਿਆ।
- ਨਿਰਯਾਤ ਕੀਤੀਆਂ ਜਾਣ ਵਾਲੀਆਂ ਟੌਪ 5 ਵਸਤਾਂ ਦੇ ਨਿਰਯਾਤ ਵਿੱਚ ਸਤੰਬਰ 2019 ਦੀ ਤੁਲਨਾ ਵਿੱਚ ਸਤੰਬਰ 2020 ਵਿੱਚ ਇਤਿਹਾਸਿਕ ਵਾਧਾ। ਹੋਰ ਅਨਾਜਾਂ ਵਿੱਚ 337.22%, ਕੱਚੇ ਲੋਹੇ ਵਿੱਚ 109.65%, ਚਾਵਲ ਵਿੱਚ 93.86%, ਖੁਰਾਕੀ ਤੇਲ ਵਿੱਚ 47.52% ਅਤੇ ਕਾਲੀਨ ਦੇ ਨਿਰਯਾਤ ਵਿੱਚ 42.89%, ਸਿਰਾਮਿਕਸ ਉਤਪਾਦ ਅਤੇ ਕੱਚ ਦੇ ਬਣੇ ਪਦਾਰਥ ਵਿੱਚ 36.17% ਦਾ ਸਕਾਰਾਤਮਕ ਵਾਧਾ।

(ਅੰਕੜੇ ਅਪ੍ਰੈਲ-ਸਤੰਬਰ 2019 ਅਤੇ 2020 ਦੇ ਹਨ)

**ਆਯਾਤ ਘਟਾਉਣ ਅਤੇ ਦੇਸ਼ ਵਿੱਚ ਉਤਪਾਦਨ ਵਧਾ ਕੇ ਖ਼ੁਦ ਦੀ ਜ਼ਰੂਰਤ ਪੂਰਾ ਕਰਨ ਦੇ ਨਾਲ ਦੁਨੀਆ ਦੇ ਦੂਜੇ ਦੇਸ਼ਾਂ ਨੂੰ ਵੇਚਣ ਦੀ ਨੀਤੀ। ਆਯਾਤ ਕੀਤੀਆਂ ਜਾਣ ਵਾਲੀਆਂ 500 ਵਸਤਾਂ 'ਤੇ ਪਾਬੰਦੀ ਲਗਾਈ ਤਾਂ 24 ਅਜਿਹੇ ਸੈਕਟਰਾਂ ਦੀ ਪਹਿਚਾਣ ਕੀਤੀ ਗਈ ਜਿੱਥੋਂ ਅਸੀਂ ਨਿਰਯਾਤ ਨੂੰ ਹੁਲਾਰਾ ਦੇ ਸਕੀਏ।**

**ਭਾਰਤ ਜੈਨੇਰਿਕ ਦਵਾਈਆਂ ਦਾ ਦੁਨੀਆ ਦਾ ਸਭ ਤੋਂ ਵੱਡਾ ਨਿਰਮਾਤਾ ਅਤੇ ਨਿਰਯਾਤਕ। ਹੁਣ ਤੱਕ 120 ਦੇਸ਼ਾਂ ਨੂੰ 20 ਬਿਲੀਅਨ ਡਾਲਰ ਦੇ ਫਾਰਮਾ ਉਤਪਾਦਾਂ ਦਾ ਨਿਰਯਾਤ, ਜਿਸ ਨੂੰ 2024 ਤੱਕ 65 ਬਿਲੀਅਨ ਡਾਲਰ ਕਰਨ ਦਾ ਟੀਚਾ।**

ਵਪਾਰ ਹੁੰਦਾ ਹੈ। ਇਸ ਵਿੱਚ ਗਹਿਣਿਆਂ, ਕੱਪੜਿਆਂ, ਵਾਹਨਾਂ, ਬਰਤਨਾਂ ਦੇ ਨਾਲ ਸਜਾਵਟੀ ਸਮਾਨ ਅਤੇ ਮਿੱਟੀ ਦੇ ਉਤਪਾਦਾਂ ਦੀ ਵੱਡੀ ਹਿੱਸੇਦਾਰੀ ਹੈ। ਇਸ ਬਜ਼ਾਰ ਵਿੱਚ ਹਰ ਸਾਲ ਵਾਧਾ ਹੁੰਦਾ ਜਾ ਰਿਹਾ ਹੈ। ਤੁਸੀਂ ਸਥਾਨਕ ਉਤਪਾਦ ਜਿੰਨਾ ਖ਼ਰੀਦੋਗੇ, ਦੇਸ਼ ਓਨਾ ਹੀ ਮਜ਼ਬੂਤ ਹੋਵੇਗਾ।

### 'ਸਿਰਫ਼ ਸਵਦੇਸ਼ੀ' ਦੇ ਮੋਹਰੀ ਬਣ ਰਹੇ ਘੁਮਿਆਰ (ਕੁਮਹਾਰ)

ਵਾਰਾਣਸੀ ਵਿੱਚ ਮਿੱਟੀ ਦੇ ਬਰਤਨ ਬਣਾਉਣ ਵਾਲੇ ਸਮੁਦਾਇ, ਆਉਣ ਵਾਲੇ ਤਿਉਹਾਰਾਂ ਦੇ ਮੌਸਮ ਵਿੱਚ 'ਸਵਦੇਸ਼ੀ ਔਨਲੀ' ਉਤਪਾਦਾਂ ਦੇ ਨਾਲ ਦੇਸ਼ ਵਿੱਚ ਇੱਕ ਨਵੀਂ ਮਿਸਾਲ ਬਣਾਉਣ ਦੇ ਲਈ ਤਿਆਰ ਹਨ। ਉਨ੍ਹਾਂ ਨੂੰ ਖਾਦੀ ਗ੍ਰਾਮ ਉਦਯੋਗ ਨੇ ਆਤਮਨਿਰਭਰ ਭਾਰਤ ਅਭਿਯਾਨ ਦੇ ਪ੍ਰਧਾਨ ਮੰਤਰੀ ਦੇ ਸੱਦੇ ਤੋਂ ਬਾਅਦ ਹੀ ਟ੍ਰੇਨਿੰਗ ਦੇਣੀ ਸ਼ੁਰੂ ਕੀਤੀ ਗਈ ਸੀ। ਇਸ ਦੇ ਤਹਿਤ ਮਿੱਟੀ ਦੇ ਉਤਪਾਦ ਬਣਾਉਣ ਵਾਲਿਆਂ ਨੂੰ ਇਲੈਕਟ੍ਰਿਕ ਚੱਕ ਦਿੱਤਾ ਗਿਆ ਜੋ ਸਮੇਂ ਦੀ ਬੱਚਤ ਦੇ ਨਾਲ ਸਮੁਦਾਇ ਦੀ ਆਮਦਨੀ ਵੀ ਪੰਜ ਗੁਣਾ ਵਧਾਉਣ ਵਿੱਚ ਮਦਦਗਾਰ ਬਣਿਆ ਹੈ। ਜਿਸ ਮਿੱਟੀ ਦੇ ਕੰਮ ਵਿੱਚ 3 ਦਿਨ ਲਗਦੇ ਸਨ, ਹੁਣ ਇਸ ਚੱਕ ਨਾਲ 8 ਘੰਟੇ ਵਿੱਚ ਉਹ ਕੰਮ ਪੂਰਾ ਹੋ ਜਾਂਦਾ ਹੈ ਅਤੇ 200 ਮਿੱਟੀ ਦੇ ਭਾਂਡੇ ਬਣਾਉਣ ਵਾਲਾ ਵਿਅਕਤੀ ਹੁਣ ਰੋਜ਼ਾਨਾ ਇੱਕ ਹਜ਼ਾਰ ਤੋਂ ਜ਼ਿਆਦਾ ਉਤਪਾਦਨ ਕਰ ਰਿਹਾ ਹੈ। ਇਸ ਯੋਜਨਾ ਦੇ ਇੱਕ ਲਾਭਾਰਥੀ ਅਕਸ਼ੈ ਕੁਮਾਰ ਪ੍ਰਜਾਪਤੀ ਹੁਣ ਮਿਰਜ਼ਾਪੁਰ ਜ਼ਿਲ੍ਹੇ ਦੇ ਸਥਾਨਕ ਚੂਨਾ ਬਜ਼ਾਰ ਵਿੱਚ ਲਗਭਗ 4000 ਕੁਲਹੜ ਅਤੇ ਪਲੇਟਾਂ ਵੇਚ ਕੇ ਆਰਥਿਕ ਰੂਪ ਨਾਲ ਆਤਮਨਿਰਭਰ ਹਨ। ਇਸੇ ਤਰ੍ਹਾਂ ਵਾਰਾਣਸੀ ਦੇ ਮੰਡੂਆਡੀਹ ਸਟੇਸ਼ਨ 'ਤੇ 3 ਹਜ਼ਾਰ ਮਿੱਟੀ ਦੇ ਗਲਾਸ ਵੇਚ ਕੇ ਦਯਾਸ਼ੰਕਰ ਪ੍ਰਜਾਪਤੀ ਚੰਗੀ ਆਜੀਵਿਕਾ ਕਮਾ ਰਹੇ ਹਨ। ਮਿੱਟੀ ਦੇ ਉਤਪਾਦ ਬਣਾਉਣ ਵਾਲੇ ਇਹ ਲੋਕ ਪਹਿਲਾਂ 3-4 ਹਜ਼ਾਰ ਰੁਪਏ ਮਹੀਨੇ ਵਿੱਚ ਕਮਾਉਂਦੇ ਸਨ ਇਨ੍ਹਾਂ ਦੀ ਆਮਦਨ ਹੁਣ ਵਧ ਕੇ 20 ਹਜ਼ਾਰ ਤੱਕ ਪਹੁੰਚ ਗਈ ਹੈ।

### ਆਤਮਨਿਰਭਰ ਭਾਰਤ ਅਭਿਯਾਨ ਨਾਲ ਮਿਲੀ ਰਾਹਤ

ਭਾਰਤ ਜਦੋਂ ਆਤਮਨਿਰਭਰਤਾ ਦੀ ਗੱਲ ਕਰਦਾ ਹੈ ਤਾਂ ਆਤਮ ਕੇਂਦ੍ਰਿਤ ਅਰਥਵਿਵਸਥਾ ਦੀ ਵਕਾਲਤ ਨਹੀਂ ਕਰਦਾ। ਕੋਰੋਨਾ ਕਾਲ ਵਿੱਚ 12 ਮਈ ਨੂੰ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਦਾ ਨੂੰ ਅਵਸਰ ਵਿੱਚ ਬਦਲਦੇ ਹੋਏ ਦੇਸ਼ ਨੂੰ ਆਤਮਨਿਰਭਰ ਬਣਾਉਣ ਦਾ ਸੰਕਲਪ ਲਿਆ ਸੀ, ਤਦ ਉਨ੍ਹਾਂ ਦਾ ਸੰਦੇਸ਼ ਸਾਫ਼ ਸੀ, "ਭਾਰਤ ਦੇ ਟੀਚਿਆਂ ਅਤੇ ਉਸ ਦੇ ਕਾਰਜਾਂ ਦਾ ਪ੍ਰਭਾਵ, ਵਿਸ਼ਵ ਕਲਿਆਣ 'ਤੇ ਪੈਂਦਾ ਹੈ। ਜਦੋਂ ਭਾਰਤ ਖੁੱਲ੍ਹੇ ਵਿੱਚ ਪਖਾਨੇ ਤੋਂ ਮੁਕਤ

**ਮੈਟਰੋ ਕੋਚ ਪਹਿਲਾਂ ਅਸੀਂ ਜਪਾਨ ਅਤੇ ਦੱਖਣੀ ਕੋਰੀਆ ਤੋਂ ਮੰਗਵਾਉਂਦੇ ਸਾਂ। ਹੁਣ ਇਹ ਭਾਰਤ ਵਿੱਚ ਬਣਦੇ ਹਨ। ਇਸੇ ਤਰ੍ਹਾਂ ਰੇਲ ਕੋਚ ਫੈਕਟਰੀ ਵਿੱਚ ਅਪ੍ਰੈਲ-ਸਤੰਬਰ 2019 ਵਿੱਚ 366 ਕੋਚ ਬਣੇ ਸਨ, ਜਦਕਿ ਅਪ੍ਰੈਲ-ਸਤੰਬਰ 2020 ਵਿੱਚ 601 ਕੋਚ ਬਣਾਏ ਗਏ ਹਨ।**

ਹੁੰਦਾ ਹੈ ਤਾਂ ਦੁਨੀਆ ਦੀ ਤਸਵੀਰ ਬਦਲ ਜਾਂਦੀ ਹੈ। ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੀ ਦੁਨੀਆ ਵਿੱਚ ਅੱਜ ਭਾਰਤ ਦੀਆਂ ਦਵਾਈਆਂ ਇੱਕ ਨਵੀਂ ਉਮੀਦ ਲੈ ਕੇ ਪਹੁੰਚਦੀਆਂ ਹਨ। ਇਨ੍ਹਾਂ ਕਦਮਾਂ ਨਾਲ ਦੁਨੀਆ ਭਰ ਵਿੱਚ ਭਾਰਤ ਦੀ ਬਹੁਤ ਪ੍ਰਸ਼ੰਸਾ ਹੁੰਦੀ ਹੈ, ਤਾਂ ਹਰ ਭਾਰਤੀ ਮਾਣ ਕਰਦਾ ਹੈ। ਦੁਨੀਆ ਨੂੰ ਵਿਸ਼ਵਾਸ਼ ਹੋਣ ਲਗਿਆ ਹੈ ਕਿ ਭਾਰਤ ਬਹੁਤ ਚੰਗਾ ਕਰ ਸਕਦਾ ਹੈ, ਮਾਨਵ ਜਾਤੀ ਦੇ ਕਲਿਆਣ ਦੇ ਲਈ ਬਹੁਤ ਕੁਝ ਚੰਗਾ ਦੇ ਸਕਦਾ ਹੈ। ਸਵਾਲ ਇਹ ਹੈ ਕਿ ਆਖਰ ਕਿਵੇਂ? ਇਸ ਸਵਾਲ ਦਾ ਵੀ ਉੱਤਰ ਹੈ – 130 ਕਰੋੜ ਦੇਸ਼ਵਾਸੀਆਂ ਦਾ 'ਆਤਮਨਿਰਭਰ ਭਾਰਤ' ਦਾ ਸੰਕਲਪ।"

ਆਤਮਨਿਰਭਰ ਭਾਰਤ ਪੈਕੇਜ ਦੇ ਤਹਿਤ 20.97 ਲੱਖ ਕਰੋੜ ਦਾ ਪੈਕੇਜ ਮਹਿਜ਼ ਇੱਕ ਧਨ ਰਾਸ਼ੀ ਨਹੀਂ ਸੀ, ਬਲਕਿ ਇੱਕ ਰੋਡਮੈਪ ਸੀ, ਜਿਸ ਉੱਤੇ ਭਾਰਤ ਚਲ ਪਿਆ ਹੈ ਅਤੇ ਤਿਉਹਾਰਾਂ ਦੇ ਇਸ ਮੌਸਮ ਵਿੱਚ ਇਸ ਦੀ ਝਲਕ ਦਿਖਣ ਲਗ ਗਈ ਹੈ। ਉਸ ਪੈਕੇਜ ਦਾ ਟੀਚਾ ਖ਼ਾਸ ਤੌਰ 'ਤੇ ਸੂਖਮ ਉਦਯੋਗ, ਘਰੇਲੂ ਉਦਯੋਗ, ਲਘੂ – ਦਰਮਿਆਨੇ ਉਦਯੋਗ ਯਾਨੀ ਐੱਮਐੱਸਐੱਮਈ 'ਤੇ ਸੀ ਜੋ ਕਰੋੜਾਂ ਲੋਕਾਂ ਦੀ ਆਜੀਵਿਕਾ ਦਾ ਸਾਧਨ ਵੀ ਹੈ ਅਤੇ ਭਾਰਤੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਵੀ। ਇਹ ਆਰਥਿਕ ਪੈਕੇਜ ਦੇਸ਼ ਦੇ ਉਨ੍ਹਾਂ ਮਜ਼ਦੂਰਾਂ, ਕਿਸਾਨਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਸੀ ਜੋ ਹਰ ਮੌਸਮ ਵਿੱਚ ਦੇਸ਼ਵਾਸੀਆਂ ਦੇ ਲਈ ਦਿਨ ਰਾਤ ਮਿਹਨਤ ਕਰਦੇ ਹਨ। ਭਾਰਤ ਦੀ ਆਰਥਿਕ ਸਮਰੱਥਾ ਨੂੰ ਬੁਲੰਦੀ ਦੇਣ ਦੇ ਲਈ ਸੰਕਲਪਿਤ ਉਦਯੋਗ ਜਗਤ ਨੂੰ ਜੋ ਰਾਹਤ ਮਿਲੀ, ਉਸੇ ਦਾ ਨਤੀਜਾ ਹੈ ਭਾਰਤ ਵਿੱਚ ਨਿਵੇਸ਼ ਵਧ ਰਿਹਾ ਹੈ।

### ਲੋਕਲ ਤੋਂ ਗਲੋਬਲ ਹੁੰਦਾ ਸਵਦੇਸ਼ੀ ਉਤਪਾਦ

ਭਾਰਤ ਸੰਕਟ ਨੂੰ ਕਿਸ ਤਰ੍ਹਾਂ ਨਾਲ ਅਵਸਰ ਵਿੱਚ ਬਦਲਦਾ ਹੈ ਇਸ ਦਾ ਉਦਾਹਰਣ ਕੋਰੋਨਾ ਕਾਲ ਵਿੱਚ ਦੁਨੀਆ ਦੇ 150 ਤੋਂ ਜ਼ਿਆਦਾ ਦੇਸ਼ਾਂ ਨੂੰ ਦਵਾਈ ਉਪਲਬਧ ਕਰਵਾਉਣ ਤੋਂ ਇਲਾਵਾ ਪੀਪੀਈ ਕਿੱਟਾਂ, ਐੱਨ – 95 ਮਾਸਕ ਦਾ ਉਤਪਾਦਨ ਕਰਨਾ ਹੈ। ਜਿੱਥੇ ਪਹਿਲਾਂ ਭਾਰਤ ਕਿੱਟਾਂ ਅਤੇ ਮਾਸਕ ਨਾ ਦੇ ਬਰਾਬਰ ਬਣਾਉਂਦਾ ਸੀ, ਹੁਣ ਉਹ ਦੁਨੀਆ ਦਾ ਦੂਜਾ ਵੱਡਾ ਨਿਰਯਾਤਕ ਦੇਸ਼ ਇਸ ਕੋਰੋਨਾ ਕਾਲ ਵਿੱਚ ਆਪਣੀ ਸਮਰੱਥਾ ਨਾਲ ਬਣ ਗਿਆ ਹੈ। ਬ੍ਰਾਜ਼ੀਲ ਦੇ ਰਾਸ਼ਟਰਪਤੀ ਨੇ ਤਾਂ ਖੁੱਲ੍ਹ ਕੇ ਭਾਰਤ ਦੀ ਤਾਰੀਫ਼ ਵਿੱਚ ਲਿਖਿਆ, "ਕੋਰੋਨਾ ਵਾਇਰਸ ਦੀ ਮਹਾਮਾਰੀ ਦੇ ਸਮੇਂ ਵਿੱਚ ਜਿਸ ਤਰ੍ਹਾਂ ਪੀਐੱਮ ਮੋਦੀ ਨੇ ਬ੍ਰਾਜ਼ੀਲ ਦੀ ਮਦਦ ਕੀਤੀ ਹੈ, ਇਹ ਬਿਲਕੁਲ ਉਵੇਂ ਹੀ ਹੈ, ਜਿਵੇਂ ਰਾਮਾਇਣ ਵਿੱਚ ਹਨੂੰਮਾਨ ਜੀ ਨੇ ਰਾਮ ਦੇ ਭਾਈ ਲਛਮਣ ਦੀ ਜਾਨ ਬਚਾਉਣ ਦੇ ਲਈ ਸੰਜੀਵਨੀ ਲਿਆ ਕੇ ਕੀਤੀ ਸੀ।" ਇੰਨਾ ਹੀ ਨਹੀਂ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ 'ਹਾਈਡਰੋਕਸੀਕਲੋਰੋਕੁਈਨ' ਦਵਾਈ ਦੇ ਲਈ ਪ੍ਰਧਾਨ ਮੰਤਰੀ ਮੋਦੀ ਨੂੰ ਮਹਾਨ ਦੱਸਿਆ। ਇਸ ਦਵਾਈ ਦੇ ਨਿਰਯਾਤ ਉੱਤੇ ਭਾਰਤ ਨੇ ਰੋਕ ਲਗਾਈ ਸੀ, ਲੇਕਿਨ ਕੋਰੋਨਾ ਕਾਲ ਵਿੱਚ ਦੁਨੀਆ ਦੇ ਲਈ ਸੰਜੀਵਨੀ ਸਾਬਤ

## ਟੈਲੀਕੌਮ

### ਅਸੀਂ ਦੁਨੀਆ ਵਿੱਚ ਦੂਸਰੇ ਸਭ ਤੋਂ ਵੱਡੇ ਮੋਬਾਈਲ ਨਿਰਮਾਤਾ

**33** ਕਰੋੜ ਮੋਬਾਈਲ ਬਣਾਏ ਹੁਣ ਤੱਕ

**ਮੋਬਾਈਲ ਨਿਰਮਾਣ ਦੇ ਮਾਮਲੇ ਵਿੱਚ ਹੁਣ ਭਾਰਤ ਦੁਨੀਆ ਵਿੱਚ ਦੂਜੇ ਨੰਬਰ 'ਤੇ ਹੈ। 2014 ਤੱਕ ਭਾਰਤ ਵਿੱਚ 6 ਕਰੋੜ ਮੋਬਾਈਲ ਫ਼ੋਨ ਬਣਾਏ ਗਏ ਸਨ। ਵਰਤਮਾਨ ਵਿੱਚ ਇਹ ਸੰਖਿਆ 33 ਕਰੋੜ ਹੈ।**

- ਸਾਲ 2014 ਵਿੱਚ ਜਿੱਥੇ ਭਾਰਤ ਵਿੱਚ ਸਿਰਫ਼ 2 ਮੋਬਾਈਲ ਬਣਾਉਣ ਵਾਲੀਆਂ ਯੂਨਿਟਾਂ ਸਨ, ਉੱਥੇ ਹੁਣ ਦੇਸ਼ ਵਿੱਚ 300 ਮੋਬਾਈਲ ਬਣਾਉਣ ਵਾਲੀਆਂ ਯੂਨਿਟਾਂ ਕੰਮ ਕਰ ਰਹੀਆਂ ਹਨ।
- ਭਾਰਤ ਨੇ ਸਾਲ 2019 - 20 ਵਿੱਚ 3 ਅਰਬ ਡਾਲਰ ਦੇ ਮੋਬਾਈਲ ਨਿਰਯਾਤ ਕੀਤੇ। ਸਾਲ 2025 ਤੱਕ ਇਸ ਨੂੰ 100 ਅਰਬ ਡਾਲਰ ਤੱਕ ਪਹੁੰਚਾਉਣ ਦਾ ਟੀਚਾ ਹੈ।
- ਪੈਗਾਟ੍ਰੋਨ, ਲਾਵਾ, ਡਿਕਸਨ ਅਤੇ ਸੈਮਸੰਗ ਜਿਹੀਆਂ ਕੰਪਨੀਆਂ ਅਗਲੇ 5 ਸਾਲਾਂ ਵਿੱਚ ਭਾਰਤ ਵਿੱਚ ਕਰੀਬ 11.5 ਲੱਖ ਕਰੋੜ ਰੁਪਏ ਦਾ ਨਿਵੇਸ਼ ਕਰਨਗੀਆਂ। ਇਸ ਨਾਲ 12 ਲੱਖ ਨਵੇਂ ਰੋਜਗਾਰ ਪੈਦਾ ਹੋਣ ਦੀ ਸੰਭਾਵਨਾ ਹੈ।

**ਦੇਸ਼ ਵਿੱਚ ਕਰੋੜਾਂ ਲੋਕਾਂ ਨੂੰ ਰੋਜਗਾਰ ਦੇਣ ਵਾਲੇ ਸੂਖਮ ਉਦਯੋਗ, ਘਰੇਲੂ ਉਦਯੋਗ ਅਤੇ ਲਘੂ - ਦਰਮਿਆਨੇ ਉਦਯੋਗ 'ਤੇ ਸਰਕਾਰ ਨੇ ਖ਼ਾਸ ਧਿਆਨ ਦਿੱਤਾ ਤਾਂ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਨਿਵੇਸ਼ਕਾਂ ਨੂੰ ਬਿਹਤਰ ਮਾਹੌਲ ਦੇਣ ਦੇ ਲਈ ਪ੍ਰੋਜੈਕਟ ਡਿਵੈਲਪਮੈਂਟ ਸੈੱਲ ਜਿਹੀ ਸ਼ੁਰੂਆਤ ਵੀ ਕੀਤੀ ਹੈ।**

## ਰੱਖਿਆ ਖੇਤਰ



## ਟੌਪ - 25

- ਹਥਿਆਰ ਨਿਰਯਾਤ ਵਿੱਚ ਅਸੀਂ ਪਹਿਲੀ ਵਾਰ ਟੌਪ 25 ਦੇਸ਼ਾਂ ਵਿੱਚ ਸ਼ਾਮਲ।
- ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਟਿਊਟ (ਸਿਪਰੀ) ਦੀ ਸਾਲ 2020 ਦੀ ਰਿਪੋਰਟ ਦੇ ਅਨੁਸਾਰ ਰੱਖਿਆ ਉਤਪਾਦਾਂ ਦੇ ਨਿਰਯਾਤ ਦੇ ਮਾਮਲੇ ਵਿੱਚ ਭਾਰਤ ਦੁਨੀਆ ਦੇ ਸਿਖਰਲੇ 25 ਦੇਸ਼ਾਂ ਵਿੱਚ ਪਹੁੰਚ ਗਿਆ ਹੈ। 100 ਤੋਂ ਜ਼ਿਆਦਾ ਦੇਸ਼ਾਂ ਨੂੰ ਅਸੀਂ ਬੁਲਟਪਰੂਫ਼ ਜੈਕਟਾਂ ਵੇਚਦੇ ਹਾਂ।
- ਸਾਲ 2018-19 ਵਿੱਚ ਭਾਰਤ ਨੇ 4 ਹਜ਼ਾਰ 682 ਕਰੋੜ ਰੁਪਏ ਦੇ ਰੱਖਿਆ ਉਤਪਾਦ ਨਿਰਯਾਤ ਕੀਤੇ। ਸਾਲ 2019-20 ਵਿੱਚ ਇਹ ਵਧ ਕੇ 10 ਹਜ਼ਾਰ 745 ਕਰੋੜ ਰੁਪਏ ਹੋ ਗਿਆ, ਜਦਕਿ ਸਾਲ 2014-15 ਵਿੱਚ ਹੈ ਸਿਰਫ਼ 994 ਕਰੋੜ ਰੁਪਏ ਸੀ।
- ਰੱਖਿਆ ਖੇਤਰ ਵਿੱਚ ਭਾਰਤ ਦਾ ਅਕਸ ਹਾਲੇ ਤੱਕ ਦੂਜੇ ਦੇਸ਼ਾਂ ਤੋਂ ਹਥਿਆਰ ਅਤੇ ਹੋਰ ਰੱਖਿਆ ਉਤਪਾਦ ਖਰੀਦਣ ਦਾ ਰਿਹਾ ਹੈ, ਲੇਕਿਨ ਕੇਂਦਰ ਸਰਕਾਰ ਦੇ ਯਤਨਾਂ ਦਾ ਨਤੀਜਾ ਹੈ ਕਿ ਹੁਣ ਭਾਰਤ ਦੁਆਰਾ ਦੁਨੀਆ ਦੇ ਦੂਜੇ ਦੇਸ਼ਾਂ ਨੂੰ ਰੱਖਿਆ ਉਤਪਾਦਾਂ ਦੇ ਨਿਰਯਾਤ ਵਿੱਚ ਵਾਧਾ ਹੋਇਆ ਹੈ। 5 ਸਾਲਾਂ ਵਿੱਚ ਹਥਿਆਰ ਆਯਾਤ 32 ਫ਼ੀਸਦੀ ਤੱਕ ਘੱਟ ਹੋਇਆ ਹੈ।

**ਉਤਪਾਦਨ ਵਧਾਉਣ ਦੇ ਲਈ ਇੰਡਸਟ੍ਰੀਅਲ ਕੋਰੀਡੋਰ, ਸਪੈਸ਼ਲ ਇਕਨੈਮਿਕ ਜ਼ੋਨ ਨੂੰ ਹੁਲਾਰਾ ਦਿੱਤਾ ਤਾਂ ਵਿਦੇਸ਼ੀ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨ ਦੇ ਲਈ ਸਿੰਗਲ ਵਿੰਡੋ ਕਲੀਅਰੈਂਸ ਦੀ ਸੁਵਿਧਾ ਦਿੱਤੀ ਗਈ। ਨਤੀਜਾ, ਸਾਲ 2019 ਵਿੱਚ 51 ਅਰਬ ਡਾਲਰ ਦਾ ਵਿਦੇਸ਼ੀ ਨਿਵੇਸ਼ ਆਇਆ। ਇਸ ਸਾਲ ਹੁਣ ਤੱਕ 20 ਅਰਬ ਡਾਲਰ ਆਏ ਹਨ।**

**ਦੇਸ਼ ਦੀ ਜੀਡੀਪੀ ਵਿੱਚ 8% ਦਾ ਯੋਗਦਾਨ ਦੇਣ ਵਾਲਾ ਐੱਮਐੱਸਐੱਮਈ ਸੈਕਟਰ ਕੋਰੋਨਾ ਕਾਲ ਵਿੱਚ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਇਆ। ਆਤਮਨਿਰਭਰ ਭਾਰਤ ਪੈਕੇਜ ਵਿੱਚ ਇਸ ਖੇਤਰ ਨੂੰ 5.94 ਲੱਖ ਕਰੋੜ ਰੁਪਏ ਦਿੱਤੇ।**

ਹੋਈ। ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਕਹਿੰਦੇ ਹਨ, "ਆਤਮਨਿਰਭਰ ਭਾਰਤ ਅਤੇ ਵੋਕਲ ਫ਼ਾਰ ਲੋਕਲ ਭਵਿੱਖ ਦੇ ਲਈ ਸੁਭਾਵਿਕ ਪਹਿਲ ਹੈ। ਭਾਰਤ ਅਜਿਹੀ ਅਰਥਵਿਵਸਥਾ ਦਾ ਨਿਰਮਾਣ ਕਰ ਰਿਹਾ ਹੈ ਜਿੱਥੇ ਗੁਣਵੱਤਾਪੂਰਨ ਉਤਪਾਦ ਵੱਡੇ ਪੈਮਾਨੇ 'ਤੇ ਬਣੇਗਾ ਤਾਕਿ ਦੇਸ਼ ਜ਼ਿਆਦਾ ਤੋਂ ਜ਼ਿਆਦਾ ਆਤਮਨਿਰਭਰ ਹੋ ਸਕੇ।"

ਭਾਰਤ ਨੇ ਇਸ ਮੁਸ਼ਕਿਲ ਦੌਰ ਵਿੱਚ ਵੀ ਕਿਸ ਤਰ੍ਹਾਂ ਨਾਲ ਲੋਕਲ ਫਾਰ ਵੋਕਲ ਦੇ ਮੰਤਰ ਨਾਲ ਸਵਦੇਸ਼ੀ ਉਤਪਾਦਾਂ ਨੂੰ ਗਲੋਬਲ ਬਣਾਇਆ, ਇਸ ਦੀ ਕਹਾਣੀ ਅੰਕੜਿਆਂ ਤੋਂ ਜ਼ਾਹਰ ਹੁੰਦੀ ਹੈ।

(ਦੇਖੋ ਇਨਫੋਗ੍ਰਾਫਿਕਸ)

### ਸੁਧਾਰ ਦੀ ਵਜ੍ਹਾ: ਰਾਜਨੀਤਕ ਸਥਿਰਤਾ ਅਤੇ ਅਗਵਾਈ

ਭਾਰਤ ਦੀ ਪ੍ਰਗਤੀ ਦੀ ਤੇਜ਼ ਰਫ਼ਤਾਰ ਦੀ ਵਜ੍ਹਾ ਨਾਲ ਹੀ ਸਾਲ 2019 ਵਿੱਚ ਭਾਰਤ ਵਿੱਚ 51 ਅਰਬ ਡਾਲਰ ਦਾ ਵਿਦੇਸ਼ੀ ਨਿਵੇਸ਼ ਹੋਇਆ। ਸਭ ਤੋਂ ਵੱਧ ਵਿਦੇਸ਼ੀ ਨਿਵੇਸ਼ ਦੇ ਮਾਮਲੇ ਵਿੱਚ ਭਾਰਤ ਦੁਨੀਆ ਵਿੱਚ 9ਵੇਂ ਨੰਬਰ 'ਤੇ ਰਿਹਾ। ਕੋਰੋਨਾ ਕਾਲ ਨੂੰ ਵੀ ਮਿਲਾ ਕੇ ਦੇਖੀਏ ਤਾਂ ਭਾਰਤ ਨੂੰ ਜਨਵਰੀ 2019 ਤੋਂ ਜੁਲਾਈ 2020 ਦੇ ਵਿੱਚ ਸੰਸਥਾਗਤ ਨਿਵੇਸ਼ਕਾਂ ਤੋਂ ਲਗਭਗ 70 ਬਿਲੀਅਨ ਅਮਰੀਕੀ ਡਾਲਰ ਪ੍ਰਾਪਤ ਹੋਏ। ਇਹ ਸਾਲ 2013 ਤੋਂ 2017 ਦੇ ਦਰਮਿਆਨ ਦੇ ਚਾਰ ਸਾਲਾਂ ਵਿੱਚ ਪ੍ਰਾਪਤ ਧਨ ਰਾਸ਼ੀ ਦੇ ਲਗਭਗ ਬਰਾਬਰ ਹੈ। ਗਲੋਬਲ ਇਨੋਵੇਸ਼ਨ ਰੈਂਕਿੰਗ ਵਿੱਚ ਭਾਰਤ 81ਵੇਂ ਤੋਂ 48ਵੇਂ ਪਾਏਦਾਨ 'ਤੇ ਆਇਆ ਤਾਂ ਕਾਰੋਬਾਰੀ ਸੁਗਮਤਾ ਦੀ ਵਿਸ਼ਵ ਬੈਂਕ ਦੀ ਰੈਂਕਿੰਗ ਵਿੱਚ 142ਵੇਂ ਤੋਂ 63ਵੇਂ ਪਾਇਦਾਨ 'ਤੇ ਆ ਗਿਆ। ਭਾਰਤ ਵਿੱਚ ਸੁਧਾਰਾਂ ਦੀ ਇਸ ਗਤੀ ਦੀ ਵੱਡੀ ਵਜ੍ਹਾ ਰਾਜਨੀਤਕ ਸਥਿਰਤਾ ਅਤੇ ਮਜ਼ਬੂਤ ਫ਼ੈਸਲੇ ਲੈਣ ਵਾਲੀ ਅਗਵਾਈ ਦਾ ਹੋਣਾ ਹੈ।

ਆਲਮੀ ਪੱਧਰ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਵਿਕਾਸ ਅਤੇ ਪ੍ਰਸ਼ਾਸਨ ਨੂੰ ਲੈ ਕੇ ਇੱਕ ਖ਼ਾਸ ਅਕਸ ਤਦ ਤੋਂ ਹੀ ਹੈ ਜਦੋਂ ਉਹ ਗੁਜਰਾਤ ਦੇ ਮੁੱਖ ਮੰਤਰੀ ਹੋਇਆ ਕਰਦੇ ਸਨ। ਸਤੰਬਰ 2011 ਵਿੱਚ ਯੂਐੱਸਏ ਕਾਂਗਰਸ ਰਿਸਰਚ ਸਰਵਿਸ ਦੀ ਇੱਕ ਰਿਪੋਰਟ ਵਿੱਚ ਉਨ੍ਹਾਂ ਨੂੰ ਸੁਸ਼ਾਸਨ ਦਾ ਰਾਜਾ (ਕਿੰਗ ਆਵ੍ ਗਵਰਨੈਂਸ) ਕਿਹਾ ਗਿਆ ਸੀ। ਜਦਕਿ 26 ਮਾਰਚ 2012 ਨੂੰ ਆਪਣੇ ਅੰਕ ਵਿੱਚ ਦੁਨੀਆ ਦੀ ਪ੍ਰਮੁੱਖ

## ਦੇਣ ਦਾ ਸੁਖ

# ਇਨ੍ਹਾਂ ਤਿਉਹਾਰਾਂ 'ਚ ਤੁਸੀਂ ਵੀ ਵੰਡੋ ਖੁਸ਼ੀਆਂ



**ਤਿਉਹਾਰਾਂ ਦੀ** ਇਸ ਘੜੀ ਵਿੱਚ ਪਰਿਵਾਰ ਦੇ ਸਾਰੇ ਲੋਕ ਇਕੱਠੇ ਹੋਣਗੇ। ਘਰ ਖੁਸ਼ੀਆਂ ਨਾਲ ਭਰ ਜਾਵੇਗਾ। ਲੇਕਿਨ ਆਸਪਾਸ ਬਹੁਤ ਸਾਰੇ ਅਜਿਹੇ ਲੋਕ ਹਨ, ਜੋ ਇਨ੍ਹਾਂ ਤਿਉਹਾਰਾਂ ਦੀਆਂ ਖੁਸ਼ੀਆਂ ਤੋਂ ਵਾਂਝੇ ਰਹਿ ਜਾਂਦੇ ਹਨ। ਇਸੇ ਨੂੰ ਚਿਰਾਗ ਤਲੇ ਹਨੇਰਾ ਕਹਿੰਦੇ ਹਨ। ਇੱਕ ਪਾਸੇ ਘਰ ਰੋਸ਼ਨੀ ਨਾਲ ਜਗਮਗਾਉਂਦੇ ਹਨ ਤਾਂ ਦੂਜੇ ਪਾਸੇ ਉਸੇ ਦੇ ਸਾਹਮਣੇ ਕੁਝ ਲੋਕਾਂ ਦੇ ਘਰਾਂ ਵਿੱਚ ਹਨੇਰਾ ਛਾਇਆ ਰਹਿੰਦਾ ਹੈ। ਕੁਝ ਘਰਾਂ ਵਿੱਚ ਮਠਿਆਈਆਂ ਖ਼ਰਾਬ ਹੋ ਰਹੀਆਂ ਹੁੰਦੀਆਂ ਹਨ ਅਤੇ ਕੁਝ ਘਰਾਂ ਵਿੱਚ ਬੱਚੇ ਮਠਿਆਈ ਨੂੰ ਤਰਸਦੇ ਹਨ। ਕਿਤੇ ਅਲਮਾਰੀ ਵਿੱਚ ਕੱਪੜੇ ਰੱਖਣ ਦੀ ਜਗ੍ਹਾ ਨਹੀਂ ਹੁੰਦੀ ਤਾਂ ਕਿਤੇ ਤਨ ਢਕਣ ਦੀ ਮੁਸ਼ਕਿਲ। ਲੇਕਿਨ ਇਨ੍ਹਾਂ ਤਿਉਹਾਰਾਂ ਦਾ ਅਸਲੀ ਆਨੰਦ ਤਦ ਹੀ ਹੈ ਜਦੋਂ ਇਹ ਹਨੇਰਾ ਦੂਰ ਹੋਵੇ, ਚਾਨਣ ਚਾਰੇ ਪਾਸੇ ਫੈਲੇ। ਅਸੀਂ ਉੱਥੇ ਖੁਸ਼ੀਆਂ ਵੰਡੀਏ ਜਿੱਥੇ ਕਮੀ ਹੋਵੇ ਅਤੇ ਇਹ ਸਾਡਾ ਸੁਭਾਅ ਵੀ ਹੈ। ਸਾਡੇ ਘਰਾਂ ਵਿੱਚ ਮਠਿਆਈਆਂ, ਕੱਪੜੇ, ਤੋਹਫ਼ੇ ਆਉਣ ਤਾਂ ਇੱਕ ਪਲ ਉਨ੍ਹਾਂ ਨੂੰ ਜ਼ਰੂਰਤਮੰਦਾਂ ਤੱਕ ਪਹੁੰਚਾਉਣ ਬਾਰੇ ਵੀ ਸੋਚੋ। ਸਾਡੇ ਘਰਾਂ ਵਿੱਚ ਜੋ ਅਧਿਕਤਾ ਹੈ, ਜਿਸ ਨੂੰ ਅਸੀਂ ਨਹੀਂ ਵਰਤਦੇ ਅਜਿਹੀਆਂ ਚੀਜ਼ਾਂ ਨੂੰ ਬਾਹਰ ਦੇ ਲੋਕਾਂ ਵਿੱਚ ਜ਼ਰੂਰ ਵੰਡੋ। ਇਹ ਤਿਉਹਾਰ ਦੀ ਕਹਾਣੀ ਨਹੀਂ ਹੈ, ਬਲਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਨ੍ਹਾਂ ਸ਼ਬਦਾਂ ਵਿੱਚ ਪਿਛਲੀ ਦੀਵਾਲੀ ਤੋਂ ਪਹਿਲਾਂ ਮਨ ਕੀ ਬਾਤ ਵਿੱਚ ਦੇਸ਼ ਨੂੰ ਪ੍ਰੇਰਿਤ ਕੀਤਾ ਸੀ। ਖੁਸ਼ੀਆਂ ਵੰਡਣ ਦਾ ਸੁਖਦ ਅਹਿਸਾਸ ਤਿਉਹਾਰਾਂ ਵਿੱਚ ਹੋਰ ਵਧ ਜਾਂਦਾ ਹੈ। ਉਨ੍ਹਾਂ ਦੇ ਇਸ ਤਰ੍ਹਾਂ ਦੇ ਨਿਰੰਤਰ ਸੱਦੇ ਵਿੱਚ ਦੇਸ਼ ਨੇ ਹਮੇਸ਼ਾ ਵਧ-ਚੜ੍ਹ ਕੇ ਹਿੱਸਾ ਲਿਆ ਵੀ ਹੈ।

- ਪ੍ਰਧਾਨ ਮੰਤਰੀ ਨੇ 'ਡਿਲਿਵਰੀ ਇਨ, ਡਿਲਿਵਰੀ ਆਊਟ' ਸੱਦੇ ਤੋਂ ਬਾਅਦ ਪਿਛਲੀ ਦਿਵਾਲੀ 'ਤੇ ਲੋਕਾਂ ਨੇ ਜ਼ਰੂਰਤਮੰਦਾਂ ਦੇ ਨਾਲ ਜਮਕੇ ਖੁਸ਼ੀਆਂ ਵੰਡੀਆਂ।
- ਗਰੀਬਾਂ ਦੇ ਘਰਾਂ ਵਿੱਚ ਐੱਲਪੀਜੀ ਕਨੈਕਸ਼ਨ ਪਹੁੰਚੇ ਇਸ ਦੇ ਲਈ 1 ਕਰੋੜ ਤੋਂ ਜ਼ਿਆਦਾ ਲੋਕਾਂ ਨੇ ਸਵੱਛਤਾ ਨਾਲ ਗੈਸ ਸਬਸਿਡੀ ਛੱਡ ਕੇ ਰਾਸ਼ਟਰੀ ਨਿਰਮਾਣ ਵਿੱਚ ਸਹਿਯੋਗ ਪਾਇਆ।
- 63 ਲੱਖ ਤੋਂ ਜ਼ਿਆਦਾ ਬਜ਼ੁਰਗ ਨਾਗਰਿਕਾਂ ਨੇ ਟ੍ਰੇਨ ਵਿੱਚ ਮਿਲਣ ਵਾਲੀ ਛੂਟ ਨੂੰ ਸਵੈ-ਇੱਛਾ ਨਾਲ ਛੱਡਣ ਦਾ ਫ਼ੈਸਲਾ ਕੀਤਾ।
- ਲਗਭਗ 6.5 ਕਰੋੜ ਲੋਕ ਟੈਕਸ ਰਿਟਰਨਾਂ ਭਰ ਕੇ ਸਰਕਾਰ ਨੂੰ ਸਹਿਯੋਗ ਦੇ ਰਹੇ ਹਨ। ਇਹ 2013-14 ਦੇ ਮੁਕਾਬਲੇ ਦੁੱਗਣੀ ਸੰਖਿਆ ਹੈ।
- ਡਾਕਟਰ ਹਰ ਮਹੀਨੇ ਦੀ 9 ਤਰੀਕ ਨੂੰ ਪ੍ਰਧਾਨ ਮੰਤਰੀ ਸੁਰਕਸ਼ਿਤ ਮਾਤ੍ਰਤਵ ਅਭਿਯਾਨ ਦੇ ਤਹਿਤ ਗਰਭਵਤੀ ਮਹਿਲਾਵਾਂ ਦਾ ਮੁਫ਼ਤ ਇਲਾਜ ਕਰ ਰਹੇ ਹਨ।

ਸਮਾਚਾਰ ਪੱਤ੍ਰਿਕਾ 'ਟਾਈਮ' ਨੇ 'ਮੋਦੀ ਮਤਲਬ ਕਾਰੋਬਾਰ (Modi Means Business)' ਸਿਰਲੇਖ ਨਾਲ ਇੱਕ ਕਵਰ ਰਿਪੋਰਟ ਛਾਪੀ ਸੀ। ਸੰਯੁਕਤ ਰਾਜ ਅਮਰੀਕਾ ਦੇ ਇੱਕ ਮੋਢੀ ਥਿੰਕਟੈਂਕ ਬਰੂਕਿੰਗਜ਼ ਇੰਸਟੀਟਿਊਸ਼ਨ ਦੇ ਮੈਨੇਜਿੰਗ ਡਾਇਰੈਕਟਰ ਵਿਲੀਅਮ ਐਂਥੋਲਿਸ ਨੇ ਲਿਖਿਆ ਸੀ, "ਨਰੇਂਦਰ ਮੋਦੀ ਇੱਕ ਪ੍ਰਤਿਭਾਸ਼ਾਲੀ ਅਤੇ ਪ੍ਰਭਾਵੀ ਰਾਜਨੇਤਾ ਹਨ ਅਤੇ ਉਹ ਉਹੀ ਕਰਦੇ ਹਨ ਜੋ ਉਹ ਕਹਿੰਦੇ ਹਨ।" ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਵੀ ਉਨ੍ਹਾਂ ਨੇ ਇਸ ਸੋਚ ਨੂੰ 'ਭਾਰਤ ਪ੍ਰਥਮ' ਦੇ ਸਿਧਾਂਤ ਨਾਲ ਜੋੜਿਆ ਅਤੇ ਦੇਸ਼ ਨੂੰ ਨਵੀਂ ਦਿਸ਼ਾ ਵਿੱਚ ਲੈ ਕੇ ਚਲ ਪਏ।

ਭਾਰਤ ਦੀ ਇਸ ਪ੍ਰਗਤੀ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਕੈਨੇਡਾ ਵਿੱਚ ਆਯੋਜਿਤ ਇਨਵੈਸਟ ਇੰਡੀਆ – 2020 ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇੱਕ ਗਤੀਸ਼ੀਲ ਲੋਕਤੰਤਰ, ਰਾਜਨੀਤਕ ਸਥਿਰਤਾ ਅਤੇ ਵਪਾਰ ਅਨੁਕੂਲ ਨੀਤੀਆਂ ਦੇ ਨਾਲ ਭਾਰਤ ਵਿਦੇਸ਼ੀ ਨਿਵੇਸ਼ਕਾਂ ਦੇ ਲਈ ਆਕਰਸ਼ਕ ਅਤੇ ਬੇਜੋੜ ਮੰਜ਼ਿਲ ਹੈ। ਇੱਥੇ ਉਹ ਹਰ ਚੀਜ਼ ਹੈ ਜੋ ਨਿਵੇਸ਼ਕ ਕਿਤੇ ਵੀ ਨਿਵੇਸ਼ ਕਰਨ ਤੋਂ ਪਹਿਲਾਂ ਸੋਚਦੇ ਹਨ। ਉਨ੍ਹਾਂ ਦਾ ਸੰਦੇਸ਼ ਸਾਫ਼ ਸੀ, "ਭਾਰਤ ਵਿੱਚ ਰਾਜਨੀਤਕ ਸਥਿਰਤਾ, ਨਿਵੇਸ਼ ਦੇ ਲਈ ਅਨੁਕੂਲ ਨੀਤੀਆਂ ਹਨ। ਭਾਰਤ ਦੀ ਸਥਿਤੀ ਅੱਜ ਮਜ਼ਬੂਤ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਮਜ਼ਬੂਤ ਹੋਵੇਗੀ।" ਉਨ੍ਹਾਂ ਨੇ ਹਾਲ ਹੀ ਵਿੱਚ ਕੀਤੇ ਗਏ ਸੁਧਾਰਾਂ ਦਾ ਜ਼ਿਕਰ ਕਰਦੇ ਹੋਏ ਕੈਨੇਡਾ ਦੇ ਉਦਯੋਗਪਤੀਆਂ ਨੂੰ ਭਾਰਤ ਵਿੱਚ ਸਿੱਖਿਆ, ਖੇਤੀਬਾੜੀ ਅਤੇ ਨਿਰਮਾਣ ਸਮੇਤ ਵੱਖ-ਵੱਖ ਖੇਤਰਾਂ ਵਿੱਚ ਨਿਵੇਸ਼ ਦੇ ਲਈ ਸੱਦਾ ਵੀ ਦਿੱਤਾ।

ਨਿਸ਼ਚਿਤ ਤੌਰ 'ਤੇ ਭਾਰਤ ਦ੍ਰਿਸ਼ਟੀਕੋਣ ਅਤੇ ਬਜ਼ਾਰਾਂ ਦੇ ਲਿਹਾਜ ਨਾਲ ਤੇਜ਼ੀ ਨਾਲ ਬਦਲ ਰਿਹਾ ਹੈ ਤਾਂ 'ਵੋਕਲ ਫ਼ਾਰ ਲੋਕਲ' ਮੰਤਰ ਦੇ ਨਾਲ ਦੇਸ਼ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਦਾ 130 ਕਰੋੜ ਭਾਰਤੀਆਂ ਦਾ ਸੰਕਲਪ ਵੀ ਸਥਾਨਕ ਉਤਪਾਦ ਅਤੇ ਬਜ਼ਾਰ ਨੂੰ ਹੁਲਾਰਾ ਦੇ ਰਿਹਾ ਹੈ ਤਾਕਿ ਦੇਸ਼ ਦੇ ਉਤਪਾਦਾਂ ਨੂੰ ਗਲੋਬਲ ਬਣਾਇਆ ਜਾ ਸਕੇ। ●

# SMS ਨੂੰ ਬਣਾਓ ਜੀਵਨ ਦੇ 3 ਨਵੇਂ ਸੂਤਰ

**S** | ਹੱਥਾਂ ਦੀ ਸਵੱਛਤਾ (ਸੈਨੀਟਾਈਜੇਸ਼ਨ)

**M** | ਮੂੰਹ 'ਤੇ ਲਗਾਓ ਮਾਸਕ

**S** | ਸੁਰੱਖਿਅਤ ਦੂਰੀ (ਸੇਫ਼ ਡਿਸਟੈਂਸਿੰਗ)


ਤਿਉਹਾਰਾਂ ਦਾ ਸਮਾਂ ਨਜ਼ਦੀਕ ਆ ਰਿਹਾ ਹੈ ਅਤੇ ਲੋਕਾਂ ਦਾ ਆਪਸ ਵਿੱਚ ਮਿਲਣਾ-ਜੁਲਣਾ ਵਧੇਗਾ। ਅਜਿਹੇ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੋਰੋਨਾ ਮਹਾਮਾਰੀ ਦੇ ਖ਼ਿਲਾਫ਼ ਜਨ ਅੰਦੋਲਨ ਦੀ ਸ਼ੁਰੂਆਤ ਕੀਤੀ ਹੈ। ਪ੍ਰਧਾਨ ਮੰਤਰੀ ਨੇ ਸਾਰੇ ਨਾਗਰਿਕਾਂ ਨੂੰ ਕੋਰੋਨਾ ਤੋਂ ਸੁਰੱਖਿਅਤ ਰਹਿਣ ਲਈ ਤਿੰਨ ਨਵੇਂ ਨਿਯਮਾਂ ਦਾ ਪਾਲਣ ਕਰਨ ਦੀ ਅਪੀਲ ਕੀਤੀ ਹੈ, ਜਿਸ ਨੂੰ ਐੱਸਐੱਮਐੱਸ (SMS) ਦੇ ਤੌਰ 'ਤੇ ਵੀ ਯਾਦ ਰੱਖਿਆ ਜਾ ਸਕਦਾ ਹੈ। ਯਾਨੀ ਕੋਰੋਨਾ ਤੋਂ ਬਚਣ ਲਈ ਇਸ ਐੱਸਐੱਮਐੱਸ ਨੂੰ ਨਾ ਸਿਰਫ਼ ਯਾਦ ਰੱਖਣਾ ਹੈ, ਬਲਕਿ ਜੀਵਨ ਲਈ ਜ਼ਰੂਰੀ ਐੱਸਐੱਮਐੱਸ ਯਾਨੀ ਤਿੰਨ ਨਵੇਂ ਸੂਤਰਾਂ ਦਾ ਅਰਥ ਸਮਝਣਾ ਵੀ ਹੈ ਅਤੇ ਸਮਝਾਉਣਾ ਵੀ ਹੈ।

### ਜਨ ਜਾਗਰੂਕਤਾ ਬਣਿਆ ਅੰਦੋਲਨ

7 ਅਕਤੂਬਰ ਨੂੰ ਕੇਂਦਰੀ ਮੰਤਰੀ ਮੰਡਲ ਦੀ ਬੈਠਕ ਵਿੱਚ ਕੋਰੋਨਾ ਨੂੰ ਲੈ ਕੇ ਖ਼ਾਸ ਚਰਚਾ ਹੋਈ। ਜਿਸ ਵਿੱਚ ਕਿਹਾ ਗਿਆ ਹੈ ਕਿ ਕੋਰੋਨਾ ਕਾਲ ਵਿੱਚ ਡਰਨ ਦੀ ਨਹੀਂ, ਬਲਕਿ ਸਾਵਧਾਨੀ ਦੀ ਜ਼ਰੂਰਤ ਹੈ। ਖ਼ਾਸ ਤੌਰ 'ਤੇ ਠੰਢ ਦੇ ਦਿਨ ਆ ਰਹੇ ਹਨ ਇਸ ਲਈ ਲੋਕਾਂ ਨੂੰ ਵਿਸ਼ੇਸ਼ ਸਾਵਧਾਨੀ ਵਰਤਣੀ ਚਾਹੀਦੀ ਹੈ। ਇਸ ਲਈ ਸਰਕਾਰ ਨੇ ਜਨ ਅੰਦੋਲਨ ਸ਼ੁਰੂ ਕੀਤਾ ਹੈ, ਜਿਸ ਵਿੱਚ ਲੋਕਾਂ ਦੇ ਸੰਪਰਕ ਦੇ ਸਾਰੇ ਟਿਕਾਣਿਆਂ 'ਤੇ ਬੈਨਰ, ਪੋਸਟਰ ਲਗਾਏ ਜਾ ਚੁੱਕੇ ਹਨ ਤਾਕਿ ਜਨ ਚੇਤਨਾ ਦੀ ਮੁਹਿੰਮ ਸਫ਼ਲ ਹੋਵੇ। ਇਹ ਕਦਮ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਅੱਜ ਦੁਨੀਆ ਵਿੱਚ ਸਭ ਤੋਂ ਘੱਟ ਮੌਤ ਦਰ ਵੀ ਭਾਰਤ ਵਿੱਚ ਹੀ ਹੈ ਅਤੇ ਰਿਕਵਰੀ ਦਰ ਵੀ ਸਭ ਤੋਂ ਅਧਿਕ ਹੈ।

### ਜਦ ਤੱਕ ਦਵਾਈ ਨਹੀਂ, ਤਦ ਤੱਕ ਢਿਲਾਈ ਨਹੀਂ

**ਰਿਕਵਰੀ ਦਰ 87.50%, ਦੁਨੀਆ ਵਿੱਚ ਸਭ ਤੋਂ ਜ਼ਿਆਦਾ**




- ਭਾਰਤ ਵਿੱਚ 15 ਅਕਤੂਬਰ ਤੱਕ 63 ਲੱਖ ਤੋਂ ਜ਼ਿਆਦਾ ਮਰੀਜ਼ ਕੋਰੋਨਾ ਤੋਂ ਠੀਕ ਹੋ ਚੁੱਕੇ ਹਨ। ਇਹ ਕਿਸੇ ਵੀ ਦੇਸ਼ ਵਿੱਚ ਠੀਕ ਹੋਣ ਵਾਲੇ ਮਰੀਜ਼ਾਂ ਦੀ ਸਭ ਤੋਂ ਜ਼ਿਆਦਾ ਗਿਣਤੀ ਹੈ।
- ਭਾਰਤ ਵਿੱਚ ਹੁਣ ਤੱਕ 9 ਕਰੋੜ 12 ਲੱਖ 26 ਹਜ਼ਾਰ 305 ਟੈਸਟ ਹੋ ਚੁੱਕੇ ਹਨ। 14 ਅਕਤੂਬਰ ਨੂੰ ਦੇਸ਼ ਵਿੱਚ 11 ਲੱਖ 36 ਹਜ਼ਾਰ 183 ਟੈਸਟ ਕੀਤੇ ਗਏ।
- ਭਾਰਤ ਵਿੱਚ ਹੁਣ ਤੱਕ ਕੋਰੋਨਾ ਸੰਕ੍ਰਮਣ ਦੇ ਚਲਦੇ ਜਾਨ ਗਵਾਉਣ ਵਾਲਿਆਂ ਵਿੱਚ 70 ਫ਼ੀਸਦੀ ਸੰਖਿਆ ਮਰਦਾਂ ਅਤੇ 30 ਫ਼ੀਸਦੀ ਸੰਖਿਆ ਮਹਿਲਾਵਾਂ ਦੀ ਹੈ। ਇਨ੍ਹਾਂ ਵਿੱਚ 53 ਫ਼ੀਸਦੀ ਲੋਕ 60 ਸਾਲ ਤੋਂ ਅਧਿਕ ਉਮਰ ਦੇ ਸਨ।

### ਆਯੁਰਵੇਦ ਅਪਣਾਓ, ਰੋਗ ਭਜਾਓ

**ਆਯੁਰਵੇਦ ਭਾਰਤ ਦਾ ਵਿਸ਼ੇਸ਼ ਪ੍ਰਾਚੀਨਤਮ ਗਿਆਨ ਹੈ, ਜੋ ਕੋਰੋਨਾ ਦੇ ਇਸ ਕਾਲ ਵਿੱਚ ਪਿਛਲੇ 10 ਮਹੀਨਿਆਂ ਤੋਂ ਦੁਨੀਆ ਨੂੰ ਵੀ ਵਿਸ਼ੇਸ਼ ਲਾਭ ਦੇ ਰਿਹਾ ਹੈ। ਆਯੁਸ਼ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ ਕੋਰੋਨਾ ਖ਼ਿਲਾਫ਼ ਜੰਗ ਵਿੱਚ ਨਾ ਸਿਰਫ਼ ਤੁਹਾਨੂੰ ਤੰਦਰੁਸਤ ਰੱਖਣਗੇ, ਬਲਕਿ ਰੋਗਾਂ ਨਾਲ ਵੀ ਲੜਨ ਵਿੱਚ ਮਦਦ ਕਰਨਗੇ। ਇਸ ਲਈ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਨੂੰ ਅਪਣਾਓ ਜਿਨ੍ਹਾਂ ਵਿੱਚ ਕਿਹਾ ਗਿਆ ਹੈ**-ਦਿਨ ਭਰ ਗਰਮ ਪਾਣੀ ਪੀਓ, ਹਲਦੀ ਵਾਲਾ ਦੁੱਧ ਪੀਓ, 30 ਮਿੰਟ ਯੋਗ-ਪ੍ਰਾਣਾਯਾਮ ਧਿਆਨ ਅਭਿਆਸ ਕਰੋ, ਖਾਣ ਦੀਆਂ ਚੀਜ਼ਾਂ ਵਿੱਚ ਹਲਦੀ, ਜ਼ੀਰਾ, ਧਣੀਆ ਮਸਾਲਿਆਂ ਦੀ ਵਰਤੋਂ ਕਰੋ, ਗਰਮ ਅਤੇ ਤਾਜ਼ਾ ਖਾਣਾ ਖਾਓ, 1 ਚਮਚ ਸਵੇਰੇ ਚਯਵਨਪ੍ਰਾਸ਼ ਖਾਓ, ਦਿਨ ਵਿੱਚ ਇੱਕ-ਦੋ ਵਾਰ ਹਰਬਲ ਚਾਹ ਅਤੇ ਕਾੜ੍ਹਾ ਪੀਓ, ਸਵੇਰੇ ਸ਼ਾਮ ਆਪਣੇ ਨੱਕ ਵਿੱਚ ਤਿਲ ਜਾਂ ਨਾਰੀਅਲ ਤੇਲ ਲਗਾਓ, ਪੁਦੀਨਾ ਜਾਂ ਅਜਵਾਇਣ ਨਾਲ ਭਾਫ਼ ਲਓ। ਆਰੋਗਯ ਸੇਤੂ ਦੀ ਵਰਤੋਂ ਦੀ ਸੰਖਿਆ 16 ਕਰੋੜ ਤੋਂ ਜ਼ਿਆਦਾ ਹੋਈ। ਇੰਨੇ ਘੱਟ ਸਮੇਂ ਵਿੱਚ ਦੁਨੀਆ ਵਿੱਚ ਸਭ ਤੋਂ ਵੱਧ ਡਾਊਨਲੋਡ ਹੋਣ ਵਾਲੀ ਐਪ।

# ਹਰ ਦੀਵਾਲੀ ਦੇਸ਼ ਦੇ ਜਵਾਨਾਂ ਦੇ ਸੰਗ

**ਤਿਉਹਾਰਾਂ ਦੇ ਮੌਕੇ 'ਤੇ ਪਰਿਵਾਰਾਂ ਦੇ ਨਾਲ ਲੋਕ ਖੁਸ਼ੀਆਂ ਮਨਾਉਂਦੇ ਹਨ। ਲੇਕਿਨ ਲੋਕਤਾਂਤਰਿਕ ਰੂਪ ਨਾਲ ਚੁਣੇ ਗਏ ਸਰਕਾਰ ਦੇ ਮੁਖੀ ਦੇ ਤੌਰ 'ਤੇ 20ਵੇਂ ਸਾਲ ਵਿੱਚ ਪ੍ਰਵੇਸ਼ ਕਰਨ ਦਾ ਰਿਕਾਰਡ ਬਣਾਉਣ ਵਾਲੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਨਤਕ ਪ੍ਰਤੀਬੱਧਤਾ ਨੂੰ ਹੀ ਆਪਣਾ ਪਰਿਵਾਰ ਮੰਨਿਆ। ਆਪਣੀ ਆਮਦਨ ਵੀ ਲੋਕ ਕਲਿਆਣ ਲਈ ਦਾਨ ਕਰਕੇ ਆਮ ਜਨਤਾ ਦੇ ਚਿਹਰੇ ਦੀ ਮੁਸਕਾਨ ਨੂੰ ਹੀ ਆਪਣੀ ਖੁਸ਼ੀ ਦਾ ਸਰੋਤ ਬਣਾਇਆ। ਗੁਜਰਾਤ ਦੇ ਮੁੱਖ ਮੰਤਰੀ ਤੋਂ ਲੈ ਕੇ ਬਤੌਰ ਪ੍ਰਧਾਨ ਮੰਤਰੀ ਦੇ ਸਫ਼ਰ ਤੱਕ ਉਹ ਆਪਣੀ ਹਰ ਦੀਵਾਲੀ ਦੇਸ਼ ਦੇ ਜਵਾਨਾਂ ਨਾਲ ਮਨਾਉਂਦੇ ਆ ਰਹੇ ਹਨ ...**

ਸ਼ਾਇਦ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਜੀਵਨ ਦਾ ਟੀਚਾ ਕੀ ਸੀ? ਦਰਅਸਲ ਉਹ ਸੈਨਾ ਵਿੱਚ ਭਰਤੀ ਹੋਣਾ ਚਾਹੁੰਦੇ ਸਨ। ਸੈਨਾ ਨੂੰ ਮਜ਼ਬੂਤ ਕਰਨਾ ਹੋਵੇ ਜਾਂ ਦੁਨੀਆ ਵਿੱਚ ਭਾਰਤ ਨੂੰ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਬਣਾਉਣਾ, ਉਨ੍ਹਾਂ ਦੇ ਬਚਪਨ ਦੀ ਇੱਛਾ ਉਨ੍ਹਾਂ ਦੀ ਮੌਜੂਦਾ ਕਾਰਜ ਸ਼ੈਲੀ ਵਿੱਚ ਸਾਫ਼ ਝਲਕਦੀ ਹੈ। ਮੁੱਖ ਮੰਤਰੀ ਦੇ ਤੌਰ 'ਤੇ ਸ਼ਾਸਨ ਦੀ ਕਮਾਨ ਸੰਭਾਲਣ ਤੋਂ ਬਾਅਦ ਤੋਂ ਹੀ ਉਹ ਆਪਣੀ ਹਰ ਦੀਵਾਲੀ ਦਾ ਤਿਉਹਾਰ ਦੇਸ਼ ਦੇ ਜਵਾਨਾਂ ਨਾਲ ਹੀ ਮਨਾਉਂਦੇ ਆ ਰਹੇ ਹਨ। ਇੱਕ ਬੱਚੇ ਦੇ ਰੂਪ ਵਿੱਚ ਵੀ ਉਹ ਆਪਣੇ ਪਿੰਡ ਵਿੱਚ ਅਕਸਰ ਹਿੰਦੂ ਅਤੇ ਮੁਸਲਮਾਨ ਦੋਵੇਂ ਭਾਈਚਾਰਿਆਂ ਦੇ ਤਿਉਹਾਰਾਂ ਨੂੰ ਮਨਾਇਆ ਕਰਦੇ ਸਨ, ਕਿਉਂਕਿ ਉਨ੍ਹਾਂ ਦੇ ਗੁਆਂਢ ਵਿੱਚ ਉਨ੍ਹਾਂ ਦੇ ਬਹੁਤ ਸਾਰੇ ਮਿੱਤਰ ਮੁਸਲਿਮ ਸਮਾਜ ਤੋਂ ਸਨ।



## 23 ਅਕਤੂਬਰ 2014, ਸਿਆਚਿਨ

**ਪਹਿਲੀ ਦੀਵਾਲੀ 12 ਹਜ਼ਾਰ ਫੁੱਟ ਦੀ ਉਚਾਈ 'ਤੇ ਸਿਆਚਿਨ ਦੇ ਬੇਸ ਕੈਂਪ ਵਿੱਚ ਹਥਿਆਰਬੰਦ ਸੈਨਾ ਦੇ ਜਵਾਨਾਂ ਅਤੇ ਅਧਿਕਾਰੀਆਂ ਨਾਲ।**



## 11 ਨਵੰਬਰ 2015

**ਪੰਜਾਬ ਵਿੱਚ 1965 ਦੇ ਯੁੱਧ ਸਮਾਰਕਾਂ ਦਾ ਦੌਰਾ ਕੀਤਾ, ਸੈਨਾ ਦੇ ਅਫ਼ਸਰਾਂ ਅਤੇ ਜਵਾਨਾਂ ਦੇ ਨਾਲ ਮਨਾਈ ਦੀਵਾਲੀ।**



## 30 ਅਕਤੂਬਰ 2016

**ਹਿਮਾਚਲ ਦੇ ਕਿਨੌਰ ਵਿੱਚ ਭਾਰਤ - ਚੀਨ ਸਰਹੱਦ ਨੇੜੇ ਸੁਮਦੋ ਵਿੱਚ ਜਵਾਨਾਂ ਨਾਲ ਦੀਵਾਲੀ ਮਨਾਈ।**



## 19 ਅਕਤੂਬਰ 2017

ਜੰਮੂ ਕਸ਼ਮੀਰ ਦੀ ਗੁਰੇਜ਼ ਘਾਟੀ ਵਿੱਚ ਨਿਯੰਤਰਣ ਰੇਖਾ ਨੇੜੇ ਸੈਨਾ ਅਤੇ ਬੀਐੱਸਐੱਫ਼ ਦੇ ਜਵਾਨਾਂ ਨਾਲ ਦੀਵਾਲੀ ਮਨਾਈ।



## 7 ਨਵੰਬਰ 2018

ਕੇਦਾਰਨਾਥ ਧਾਮ ਵਿੱਚ ਪੂਜਾ ਕੀਤੀ ਅਤੇ ਉੱਤਰਾਖੰਡ ਦੇ ਹਰਸਿਲ ਵਿੱਚ ਸੈਨਾ ਅਤੇ ਆਈਟੀਬੀਪੀ ਦੇ ਜਵਾਨਾਂ ਨਾਲ ਦੀਵਾਲੀ ਮਨਾਈ।



## 28 ਅਕਤੂਬਰ 2019

ਜੰਮੂ ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਵਿੱਚ ਨਿਯੰਤਰਣ ਰੇਖਾ 'ਤੇ ਜਵਾਨਾਂ ਦੇ ਨਾਲ।



# ਛੋਟੀ-ਛੋਟੀ ਬੱਚਤ ਨਾਲ ਵੱਡੀ ਸਹਾਇਤਾ ਦੀ ਸਿੱਖਿਆ

ਕੋਰੋਨਾ ਜਿਹੇ ਮਹਾ ਸੰਕਟ ਦੇ ਸਮੇਂ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੀਐੱਮ ਕੇਅਰਸ ਫੰਡ ਵਿੱਚ ਦਾਨ ਦੇਣ ਲਈ ਲੋਕਾਂ ਨੂੰ ਅਪੀਲ ਕੀਤੀ ਤਾਂ ਸਾਰੇ ਦੇਸ਼ਵਾਸੀਆਂ ਨੇ ਆਪਣੀ ਸਮਰੱਥਾ ਦੇ ਅਨੁਸਾਰ ਇਸ ਅਪੀਲ ਨੂੰ ਹੱਥੋ-ਹੱਥ ਲਿਆ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਆਪਣੀ ਤਨਖ਼ਾਹ ਅਤੇ ਹੋਰ ਖ਼ਰਚੇ ਘੱਟ ਕਰਕੇ ਜੋੜੇ ਗਏ 2.25 ਲੱਖ ਰੁਪਏ ਫੰਡ ਵਿੱਚ ਦਾਨ ਦਿੱਤੇ। ਇਹ ਕੋਈ ਪਹਿਲਾ ਮੌਕਾ ਨਹੀਂ ਹੈ ਕਿ ਪੀਐੱਮ ਨਰੇਂਦਰ ਮੋਦੀ ਨੇ ਲੋਕ ਕਲਿਆਣ ਲਈ ਪੈਸੇ ਦਾਨ ਦਿੱਤੇ ਹਨ। ਲੋਕ ਕਲਿਆਣ ਦੇ ਕੰਮਾਂ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹੁਣ ਤੱਕ ਕੁੱਲ 103 ਕਰੋੜ ਰੁਪਏ ਦਾਨ ਕੀਤੇ ਹਨ। ਮੀਡੀਆ ਰਿਪੋਰਟਾਂ ਦੇ ਅਨੁਸਾਰ 2019 ਵਿੱਚ ਪ੍ਰਧਾਨ ਮੰਤਰੀ ਨੇ ਖ਼ੁਦ ਬਚਾਏ 21 ਲੱਖ ਰੁਪਏ ਮਹਾਕੁੰਭ ਦੇ ਸਫਾਈ ਕਰਮਚਾਰੀਆਂ ਦੇ ਕਲਿਆਣ ਲਈ ਬਣੇ ਫੰਡ ਵਿੱਚ ਦਾਨ ਕੀਤੇ ਸਨ। ਸਿਓਲ ਸ਼ਾਂਤੀ ਪੁਰਸਕਾਰ ਦੇ ਨਾਲ ਮਿਲੀ 1.3 ਕਰੋੜ ਰੁਪਏ ਦੀ ਪੁਰਸਕਾਰ ਰਾਸ਼ੀ ਉਨ੍ਹਾਂ ਨੇ ਨਮਾਮਿ ਗੰਗੇ ਪ੍ਰੋਜੈਕਟ ਵਿੱਚ ਦਾਨ ਕੀਤੀ ਸੀ। ਤੋਹਫ਼ੇ ਜਾਂ ਸਮ੍ਰਿਤੀ ਚਿੰਨ੍ਹਾਂ ਦੀ ਵੱਖ-ਵੱਖ ਸਮੇਂ 'ਤੇ ਔਨਲਾਈਨ ਨਿਲਾਮੀ ਦੇ ਜ਼ਰੀਏ ਮਿਲੇ 3.4 ਕਰੋੜ ਰੁਪਏ ਵੀ ਪੀਐੱਮ ਮੋਦੀ ਨੇ ਨਮਾਮਿ ਗੰਗੇ ਪ੍ਰੋਜੈਕਟ ਵਿੱਚ ਦਾਨ ਕੀਤੇ ਸਨ। ਇਸ ਤੋਂ ਬਿਨਾ ਗੁਜਰਾਤ ਦੇ ਮੁੱਖ ਮੰਤਰੀ ਦੇ ਅਹੁਦੇ 'ਤੇ ਰਹਿੰਦੇ ਹੋਏ ਮਿਲੇ ਤੋਹਫ਼ਿਆਂ ਦੀ ਨਿਲਾਮੀ ਕਰਕੇ ਜੁਟਾਏ 89.96 ਕਰੋੜ ਰੁਪਏ ਪੀਐੱਮ ਨਰੇਂਦਰ ਮੋਦੀ ਨੇ ਕੰਨਿਆ ਕੇਲਾਵਨੀ ਫੰਡ ਵਿੱਚ ਦਾਨ ਕੀਤੇ ਸਨ। ਇਸ ਫੰਡ ਨੂੰ ਲੜਕੀਆਂ ਦੀ ਪੜ੍ਹਾਈ ਉੱਤੇ ਖ਼ਰਚ ਕੀਤਾ ਜਾਂਦਾ ਹੈ। ਉਨ੍ਹਾਂ ਨੇ ਗੁਜਰਾਤ ਦੇ ਮੁੱਖ ਮੰਤਰੀ ਦਾ ਅਹੁਦਾ ਛੱਡਣ ਤੋਂ ਪਹਿਲਾਂ 21 ਲੱਖ ਰੁਪਏ ਰਾਜ ਸਰਕਾਰ ਦੇ ਕਰਮਚਾਰੀਆਂ ਦੀਆਂ ਬੇਟੀਆਂ ਦੀ ਪੜ੍ਹਾਈ ਲਿਖਾਈ ਲਈ ਦਾਨ ਕੀਤੇ ਸਨ। ●



# ਆਰਟੀਫ਼ਿਸ਼ਲ ਇੰਟੈਲੀਜੈਂਸ ਗਲੋਬਲ ਹੱਬ ਬਣੇਗਾ ਭਾਰਤ

**ਦੁਨੀਆ ਦੇ ਸਾਹਮਣੇ ਇਸੇ ਸੰਦੇਸ਼ ਨੂੰ ਅੱਗੇ ਵਧਾਉਂਦੇ ਹੋਏ ਅਕਤੂਬਰ ਵਿੱਚ ਪ੍ਰਧਾਨ ਮੰਤਰੀ ਨੇ ਵੈਸ਼ਵਿਕ ਭਾਰਤੀਯ ਵਿਗਿਆਨਕ (ਵੈਭਵ) ਸਮਿਟ ਅਤੇ ਸਮਾਜਿਕ ਸਸ਼ਕਤੀਕਰਨ ਵਿੱਚ ਆਰਟੀਫ਼ਿਸ਼ਲ ਇੰਟੈਲੀਜੈਂਸ (ਏਆਈ) ਉੱਤੇ ਅਗਵਾਈ ਦੀ ਸਮਰੱਥਾ ਦਿਖਾਈ। ਮਾਹਿਰਾਂ ਦਾ ਮੰਨਣਾ ਹੈ ਕਿ ਆਰਟੀਫ਼ਿਸ਼ਲ ਇੰਟੈਲੀਜੈਂਸ ਭਾਰਤ ਦੀ ਅਰਥਵਿਵਸਥਾ ਦੇ ਲਈ ਅਗਲੇ 15 ਸਾਲ ਵਿੱਚ 7 ਲੱਖ ਕਰੋੜ ਰੁਪਏ ਕਰ ਸਕਦੀ ਹੈ ਆਕਰਸ਼ਿਤ**

*ਇਹ ਹੁਣ ਸਮੇਂ ਦੀ ਮੰਗ ਹੈ ਕਿ ਨੌਜਵਾਨਾਂ ਵਿੱਚ ਵਿਗਿਆਨ ਪ੍ਰਤੀ ਹੋਰ ਜ਼ਿਆਦਾ ਰੁਚੀ ਪੈਦਾ ਕੀਤੀ ਜਾਵੇ। ਇਸ ਲਈ ਸਾਨੂੰ ਇਤਹਾਸ ਦਾ ਵਿਗਿਆਨ ਅਤੇ ਵਿਗਿਆਨ ਦਾ ਇਤਹਾਸ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦਾ ਹੈ।*

*-ਨਰੇਂਦਰ ਮੋਦੀ, ਪ੍ਰਧਾਨ ਮੰਤਰੀ (ਵੈਭਵ ਸਮਿਟ ਵਿੱਚ 2 ਅਕਤੂਬਰ 2020 ਨੂੰ)*

*ਭਾਰਤ ਨੇ ਗਿਆਨ ਅਤੇ ਸਿੱਖਿਆ ਦੇ ਖੇਤਰ ਵਿੱਚ ਵਿਸ਼ਵ ਦੀ ਅਗਵਾਈ ਕੀਤੀ ਹੈ ਅਤੇ ਹੁਣ ਦੁਨੀਆ ਨੂੰ ਡਿਜੀਟਲ ਰੂਪ ਨਾਲ ਵਧੀਆ ਅਤੇ ਖੁਸ਼ਹਾਲ ਬਣਾਉਣ ਵਿੱਚ ਭੂਮਿਕਾ ਨਿਭਾਵੇਗਾ। ਮਾਨਵ ਰਚਨਾਤਮਕਤਾ ਅਤੇ ਭਾਵਨਾਤਮਕਤਾ ਹੀ ਸਾਡੀ ਸਭ ਤੋਂ ਵੱਡੀ ਤਾਕਤ ਹੈ ਅਤੇ ਮਸ਼ੀਨਾਂ ਦਾ ਸਾਨੂੰ ਅਦੁੱਤੀ ਲਾਭ ਹੈ।"*

*-ਨਰੇਂਦਰ ਮੋਦੀ, ਪ੍ਰਧਾਨ ਮੰਤਰੀ*

*(5 ਅਕਤੂਬਰ ਨੂੰ ਰੇਜ਼-2020 ਗਲੋਬਲ ਏਆਈ ਸਮਿਟ ਵਿੱਚ)*

ਮਸਤਕਾਂ ਦੇ ਮਹਾਸੰਗਮ ਵਿੱਚ ਜਦੋਂ ਦੁਨੀਆ ਭਰ ਵਿੱਚ ਵਸੀਆਂ ਭਾਰਤ ਦੀਆਂ ਪ੍ਰਤਿਭਾਵਾਂ ਨੇ ਮੰਥਨ ਕੀਤਾ ਤਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੋ ਟੁੱਕ ਸੰਦੇਸ਼ ਦਿੱਤਾ- ਭਾਰਤ ਨੇ ਗਿਆਨ ਅਤੇ ਸਿੱਖਿਆ ਦੇ ਖੇਤਰ ਵਿੱਚ ਦੁਨੀਆ ਦੀ ਅਗਵਾਈ ਕੀਤੀ ਹੈ। ਹੁਣ ਭਾਰਤ ਦੁਨੀਆ ਨੂੰ ਡਿਜੀਟਲ ਰੂਪ ਨਾਲ ਵਧੀਆ ਅਤੇ ਖੁਸ਼ਹਾਲ ਬਣਾਉਣ ਵਿੱਚ ਭੂਮਿਕਾ ਨਿਭਾਵੇਗਾ। ਗਿਆਨ, ਸਿੱਖਿਆ ਅਤੇ ਇਨੋਵੇਸ਼ਨ ਨਾਲ ਜੁੜੇ ਦੋ ਆਲਮੀ ਸਮਾਗਮਾਂ ਵਿੱਚ ਭਾਰਤ ਨੇ ਸਮਾਜਿਕ ਸਸ਼ਕਤੀਕਰਨ ਦੀ ਦਿਸ਼ਾ ਵਿੱਚ ਇਸ ਨੂੰ ਵੱਡਾ ਕਦਮ ਦੱਸਿਆ। ਇਸ ਦੀ ਅਹਿਮੀਅਤ ਦਾ ਅੰਦਾਜ਼ਾ ਇਸ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਗਾਂਧੀ ਜਯੰਤੀ ਦੇ ਮੌਕੇ 'ਤੇ ਹੋਏ ਵੈਸ਼ਵਿਕ ਭਾਰਤੀਯ ਵਿਗਿਆਨਕ (ਵੈਭਵ) ਸਮਿਟ ਵਿੱਚ 55 ਦੇਸ਼ਾਂ ਦੇ ਭਾਰਤੀ ਮੂਲ ਦੇ 3 ਹਜ਼ਾਰ ਤੋਂ ਜ਼ਿਆਦਾ ਅਧਿਆਪਕਾਂ ਅਤੇ ਵਿਗਿਆਨੀਆਂ ਦੇ ਨਾਲ-ਨਾਲ ਦਸ ਹਜ਼ਾਰ ਤੋਂ ਜ਼ਿਆਦਾ ਪ੍ਰਵਾਸੀ ਅਧਿਆਪਕਾਂ ਅਤੇ ਵਿਗਿਆਨੀਆਂ ਨੇ ਹਿੱਸਾ ਲਿਆ ਤਾਂ 5 ਅਕਤੂਬਰ ਨੂੰ ਸਮਾਜਿਕ ਪਰਿਵਰਤਨ, ਸਮਾਵੇਸ਼ਨ ਅਤੇ ਸਸ਼ਕਤੀਕਰਨ ਦੇ ਲਈ ਆਰਟੀਫ਼ਿਸ਼ਲ ਇੰਟੈਲੀਜੈਂਸ ਦੇ ਮਹਾਰਥੀਆਂ ਦੇ ਇਸ ਤਰ੍ਹਾਂ ਦੇ ਪਹਿਲੇ 5 ਦਿਨਾਂ ਦੇ ਸੰਮੇਲਨ ਵਿੱਚ 136



## ਸਮਾਜਿਕ ਸਸ਼ਕਤੀਕਰਨ ਵਿੱਚ ਏਆਈ ਅਹਿਮ

- **ਸਮਾਜਿਕ ਪਰਿਵਰਤਨ, ਸਮਾਵੇਸ਼ਨ ਅਤੇ ਸਸ਼ਕਤੀਕਰਨ ਦੇ ਲਈ ਏਆਈ ਦੇ ਮਹਾਰਥੀਆਂ ਦਾ ਆਪਣੀ ਤਰ੍ਹਾਂ ਦਾ ਪਹਿਲਾ ਸੰਮੇਲਨ ਸੀ।**
- **5 ਤੋਂ 9 ਅਕਤੂਬਰ ਤੱਕ ਮੈਗਾ ਵਰਚੁਅਲ ਸਮਿਟ ਦੇ ਜ਼ਰੀਏ 44 ਸੂਤਰਾਂ ਦਾ ਆਯੋਜਨ ਸੀ।**
- **ਇਹ ਭਾਰਤ ਨੂੰ ਇੱਕ ਡਾਟਾ ਸੰਚਾਲਿਤ ਸਮਾਜ ਬਣਾਉਣ ਵਿੱਚ ਮਦਦ ਕਰੇਗਾ ਜੋ ਸਮਾਜਿਕ ਭਲਾਈ ਦੇ ਲਈ ਏਆਈ ਦਾ ਲਾਭ ਉਠਾਉਂਦਾ ਹੈ।**
- **ਗਲੋਬਲ ਏਆਈ ਮਾਹਿਰ ਨਾਗਰਿਕਾਂ ਨੂੰ ਸਸ਼ਕਤ ਬਣਾਉਣ ਵਿੱਚ ਏਆਈ ਦੀ ਭੂਮਿਕਾ, ਇਨਫ੍ਰਾਸਟ੍ਰਕਚਰ ਵਿਕਾਸ ਵਿੱਚ ਉਸ ਦੇ ਮਹੱਤਵ ਜਿਹੇ ਵਿਸ਼ਿਆਂ 'ਤੇ ਚਰਚਾ ਹੋਈ।**
- **ਇਸ ਸਮਿਟ ਵਿੱਚ ਹਿੱਸਾ ਲੈਣ ਦੇ ਲਈ 136 ਦੇਸ਼ਾਂ ਦੇ 47 ਹਜ਼ਾਰ ਤੋਂ ਜ਼ਿਆਦਾ ਹਿਤਧਾਰਕਾਂ ਨੇ ਰਜਿਸਟ੍ਰੇਸ਼ਨ ਕਰਵਾਈ ਸੀ।**

## ਏਆਈ ਸਮਿਟ 'ਤੇ ਪ੍ਰਧਾਨ ਮੰਤਰੀ ਦੇ ਸੰਬੋਧਨ ਦੇ ਅਹਿਮ ਬਿੰਦੂ

- ਏਆਈ ਨੇ ਖੇਤੀਬਾੜੀ, ਯੁਵਾ ਪੀੜ੍ਹੀ ਦੇ ਲਈ ਸ਼ਹਿਰੀ ਢਾਂਚੇ ਦੇ ਨਿਰਮਾਣ ਅਤੇ ਆਪਦਾ ਪ੍ਰਬੰਧਨ ਦੇ ਖੇਤਰ ਵਿੱਚ ਪ੍ਰਮੁੱਖ ਭੂਮਿਕਾ ਨਿਭਾਈ ਹੈ।
- ਭਾਰਤ ਵਿੱਚ ਅਸੀਂ ਅਨੁਭਵ ਕੀਤਾ ਹੈ ਕਿ ਟੈਕਨੋਲੋਜੀ ਪਾਰਦਰਸ਼ਤਾ ਅਤੇ ਸਰਵਿਸ ਡਿਲਿਵਰੀ ਵਿੱਚ ਸੁਧਾਰ ਕਰਦੀ ਹੈ।
- ਸਾਡੀ ਰਚਨਾਤਮਕਤਾ ਅਤੇ ਬੁੱਧੀ ਮਸ਼ੀਨ ਦੇ ਉੱਪਰ ਸਾਡੀ ਸ੍ਰੇਸ਼ਠਤਾ ਸਾਬਤ ਕਰਦੀ ਹੈ। ਏਆਈ ਦੇ ਇਸਤੇਮਾਲ ਨਾਲ ਅਸੀਂ ਆਪਣੀ ਸਮਰੱਥਾ ਹੋਰ ਕਿਵੇਂ ਵਧਾ ਸਕਦੇ ਹਾਂ। ਇਸ ਉੱਤੇ ਫੋਕਸ ਕੀਤਾ ਜਾਣਾ ਚਾਹੀਦਾ ਹੈ।
- ਏਆਈ ਦੇ ਇਸਤੇਮਾਲ ਨਾਲ ਜਲਵਾਯੂ ਦੀ ਸਮੱਸਿਆ ਨੂੰ ਸੁਲਝਾਇਆ ਜਾ ਸਕਦਾ ਹੈ। ਇਸ ਦੇ ਇਸਤੇਮਾਲ ਨਾਲ ਭਾਸ਼ਾ ਦੀ ਬੰਦਿਸ਼ ਦੂਰ ਕਰਕੇ ਗਿਆਨ ਨੂੰ ਸਾਂਝਾ ਕਰਨ ਦਾ ਸਾਧਨ ਬਣਾਇਆ ਜਾ ਸਕਦਾ ਹੈ।
- ਹਰੇਕ ਬੱਚੇ ਦੀ ਆਪਣੀ ਪ੍ਰਤਿਭਾ ਹੁੰਦੀ ਹੈ। ਮਾਤਾ-ਪਿਤਾ ਅਤੇ ਅਧਿਆਪਕ ਉਨ੍ਹਾਂ ਦੀ ਨਿਗਰਾਨੀ ਅਤੇ ਮਾਰਗਦਰਸ਼ਨ ਕਰਕੇ ਉਨ੍ਹਾਂ ਨੂੰ ਸਹੀ ਦਿਸ਼ਾ ਵਿੱਚ ਪ੍ਰੋਤਸਾਹਿਤ ਕਰ ਸਕਦੇ ਹਨ।
- ਅਟਲ ਇਨੋਵੇਸ਼ਨ ਮਿਸ਼ਨ ਦੇ ਜ਼ਰੀਏ ਦੇਸ਼ ਵਿੱਚ ਇਨੋਵੇਸ਼ਨ ਨੂੰ ਹੁਲਾਰਾ ਦਿੱਤਾ ਜਾ ਰਿਹਾ ਹੈ। ਦੇਸ਼ ਵਿੱਚ ਏਆਈ ਦੇ ਇਸਤੇਮਾਲ ਨਾਲ ਸਮੱਸਿਆਵਾਂ ਦੇ ਸਮਾਧਾਨ 'ਤੇ ਜ਼ੋਰ ਦਿੱਤਾ ਜਾਂਦਾ ਹੈ।
- ਹਾਲ ਹੀ ਵਿੱਚ ਦੇਸ਼ ਵਿੱਚ ਰਾਸ਼ਟਰੀ ਸਿੱਖਿਆ ਨੀਤੀ ਅਪਣਾਈ ਗਈ। ਇਸ ਵਿੱਚ ਏਆਈ ਅਤੇ ਤਕਨੀਕ ਦੇ ਇਸਤੇਮਾਲ ਨਾਲ ਸਿੱਖਿਆ ਅਤੇ ਟ੍ਰੇਨਿੰਗ 'ਤੇ ਫੋਕਸ ਕੀਤਾ ਗਿਆ ਹੈ।
- ਏਆਈ ਦਾ ਇਸਤੇਮਾਲ ਗ਼ਰੀਬਾਂ ਤੱਕ ਮਦਦ ਪਹੁੰਚਾਉਣ ਵਿੱਚ ਕੀਤਾ ਜਾ ਰਿਹਾ ਹੈ। ਕੋਰੋਨਾ ਜਿਹੀ ਮਹਾਮਾਰੀ ਦੇ ਸਮੇਂ ਵੀ ਇਸ ਦੇ ਇਸਤੇਮਾਲ ਨਾਲ ਅਸੀਂ ਗ਼ਰੀਬਾਂ ਤੱਕ ਮਦਦ ਪਹੁੰਚਾਉਣ ਵਿੱਚ ਸਫ਼ਲ ਹੋਏ ਹਾਂ।
- ਇਤਿਹਾਸ ਦੇ ਹਰ ਪੜਾਅ ਵਿੱਚ ਭਾਰਤ ਨੇ ਸਿੱਖਿਆ ਦੀ ਅਗਵਾਈ ਕੀਤੀ ਹੈ। ਅੱਜ ਭਾਰਤ ਵਿਸ਼ਵ ਵਿੱਚ ਆਈਟੀ ਸੇਵਾ ਉਦਯੋਗ ਦੀ ਵੀ ਅਗਵਾਈ ਕਰ ਰਿਹਾ ਹੈ।
- ਭਵਿੱਖ ਦਾ ਵਿਕਾਸ ਅਤੇ ਪ੍ਰਗਤੀ ਏਆਈ ਦੇ ਇਸਤੇਮਾਲ ਨਾਲ ਸਮਾਜਿਕ ਸਸ਼ਕਤੀਕਰਨ ਨੂੰ ਹੁਲਾਰਾ ਦੇਣ ਦੇ ਨਾਲ ਜੁੜੇ ਹੋਏ ਹਨ।

**ਕੀ ਹੈ ਆਰਟੀਫ਼ਿਸ਼ਲ ਇੰਟੈਲੀਜੈਂਸ:** ਸਰਲ ਸ਼ਬਦਾਂ ਵਿੱਚ ਕਹੀਏ ਤਾਂ ਆਰਟੀਫ਼ਿਸ਼ਲ ਇੰਟੈਲੀਜੈਂਸ ਦਾ ਅਰਥ ਹੈ ਇੱਕ ਮਸ਼ੀਨ ਵਿੱਚ ਸੋਚਣ-ਸਮਝਣ ਅਤੇ ਫੈਸਲੇ ਲੈਣ ਦੀ ਸਮਰੱਥਾ ਦਾ ਵਿਕਾਸ ਕਰਨਾ। ਅੰਕੜਿਆਂ ਦੇ ਮੁਤਾਬਕ ਸਾਲ 2025 ਤੱਕ ਆਰਟੀਫ਼ਿਸ਼ਲ ਇੰਟੈਲੀਜੈਂਸ ਦਾ ਆਲਮੀ ਬਜ਼ਾਰ ਕਰੀਬ 9 ਲੱਖ ਕਰੋੜ ਰੁਪਏ ਦਾ ਹੋਵੇਗਾ। ਸਟੇਟਿਸਟਾ ਦੇ ਅਨੁਸਾਰ ਭਾਰਤ ਵਿੱਚ ਹਾਲੇ ਸਿਰਫ਼ 152 ਕੰਪਨੀਆਂ ਏਆਈ 'ਤੇ ਕੰਮ ਕਰ ਰਹੀਆਂ ਹਨ।

ਕੇਂਦਰ ਸਰਕਾਰ ਨੇ ਸਾਲ 2018-19 ਦੇ ਬਜਟ ਵਿੱਚ ਆਰਟੀਫ਼ਿਸ਼ਲ ਇੰਟੈਲੀਜੈਂਸ ਦੇ ਇਸਤੇਮਾਲ 'ਤੇ ਵਿਆਪਕ ਕਾਰਜਨੀਤੀ ਬਣਾਉਣ ਦੀ ਜ਼ਿੰਮੇਦਾਰੀ ਨੀਤੀ ਆਯੋਗ ਨੂੰ ਦਿੱਤੀ ਸੀ। ਇਸ ਦੇ ਬਾਅਦ ਨੀਤੀ ਆਯੋਗ ਨੇ ਇੱਕ ਸੱਤ ਸੂਤਰੀ ਕਾਰਜਨੀਤੀ ਜਾਰੀ ਕੀਤੀ। ਨੀਤੀ ਆਯੋਗ ਦੇ ਅਨੁਸਾਰ ਕੇਂਦਰ ਸਰਕਾਰ ਇਸ ਦਾ ਲਾਭ ਹਰ ਇੱਕ ਤੱਕ ਪਹੁੰਚਾਉਣ ਦੇ ਲਈ ਪ੍ਰਤੀਬੱਧ ਹੈ।

ਦੇਸ਼ਾਂ ਦੇ 47 ਹਜ਼ਾਰ ਤੋਂ ਅਧਿਕ ਲੋਕਾਂ ਨੇ ਹਿੱਸਾ ਲਿਆ। ਆਰਟੀਫ਼ਿਸ਼ਲ ਇੰਟੈਲੀਜੈਂਸ ਦੀ ਮਹੱਤਤਾ 'ਤੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਏਆਈ 'ਤੇ ਰਾਸ਼ਟਰੀ ਪ੍ਰੋਗਰਾਮ ਦਾ ਉਪਯੋਗ ਸਮਾਜਿਕ ਸਮੱਸਿਆਵਾਂ ਦੇ ਹੱਲ ਦੇ ਲਈ ਸਮਰਪਿਤ ਕੀਤਾ ਜਾਵੇਗਾ। ਸਮਾਜਿਕ ਜ਼ਿੰਮੇਦਾਰੀ ਅਤੇ ਏਆਈ ਦੇ ਦਰਮਿਆਨ ਮਿਲਾਪ ਨਾਲ ਮਾਨਵੀ ਸੰਪਰਕ ਮਜ਼ਬੂਤ ਹੋਵੇਗਾ। ਆਰਟੀਫ਼ਿਸ਼ਲ ਇੰਟੈਲੀਜੈਂਸ ਮਾਨਵੀ ਬੌਧਿਕ ਸ਼ਕਤੀ ਦੇ ਲਈ ਸਨਮਾਨ ਵਾਲੀ ਗੱਲ ਹੈ।

## ਵੈਸ਼ਵਿਕ ਭਾਰਤੀਯ ਵਿਗਿਆਨਕ ਸਮਿਟ ਦਾ ਇਸ ਤਰ੍ਹਾਂ ਵਧਿਆ 'ਵੈਭਵ'

- 55 ਦੇਸ਼ਾਂ ਦੇ ਭਾਰਤੀ ਮੂਲ ਦੇ 3 ਹਜ਼ਾਰ ਤੋਂ ਜ਼ਿਆਦਾ ਅਧਿਆਪਕਾਂ ਅਤੇ ਵਿਗਿਆਨੀਆਂ ਦੇ ਨਾਲ-ਨਾਲ 10 ਹਜ਼ਾਰ ਤੋਂ ਜ਼ਿਆਦਾ ਪ੍ਰਵਾਸੀ ਅਧਿਆਪਕਾਂ ਅਤੇ ਵਿਗਿਆਨੀਆਂ ਨੇ ਕੀਤੀ ਭਾਗੀਦਾਰੀ।
- ਪੂਰੇ ਅਕਤੂਬਰ ਮਹੀਨੇ ਵਿੱਚ ਤਕਰੀਬਨ 600 ਵਿੱਦਿਅਕ ਸੰਸਥਾਨਾਂ ਅਤੇ ਵਿਗਿਆਨ ਤੇ ਤਕਨੀਕੀ ਵਿਭਾਗ ਦੇ ਮਾਧਿਅਮ ਨਾਲ ਸਿਖਰ ਸੰਮੇਲਨ ਦਾ ਆਯੋਜਨ।
- ਦੁਨੀਆ ਦੇ 1500 ਤੋਂ ਜ਼ਿਆਦਾ ਪੈਨਲਿਸਟ, 200 ਪ੍ਰਮੁੱਖ ਭਾਰਤੀ ਖੋਜਕਰਤਾਵਾਂ ਅਤੇ ਵਿੱਦਿਅਕ ਸੰਸਥਾਵਾਂ ਦੀ ਭਾਗੀਦਾਰੀ।
- 18 ਵੱਖ-ਵੱਖ ਖੇਤਰਾਂ ਅਤੇ 80 ਵਿਸ਼ਿਆਂ ਉੱਤੇ 200 ਤੋਂ ਜ਼ਿਆਦਾ ਵਿਚਾਰ-ਚਰਚਾ ਸੈਸ਼ਨ ਕਰਵਾਏ ਗਏ।
- ਸਿੱਖਿਆ ਅਤੇ ਖੋਜ ਖੇਤਰ ਦੇ ਦੇਸ਼ ਅਤੇ ਵਿਦੇਸ਼ ਵਿੱਚ ਵਸੇ ਭਾਰਤੀ ਮੂਲ ਦੇ ਦਿੱਗਜ ਜੁਟੇ ਇੱਕ ਮੰਚ ਉੱਤੇ।
- ਇਸ ਦਾ ਟੀਚਾ ਗਲੋਬਲ ਆਊਟਰੀਚ ਦੇ ਮਾਧਿਅਮ ਨਾਲ ਦੇਸ਼ ਵਿੱਚ ਗਿਆਨ ਅਤੇ ਇਨੋਵੇਸ਼ਨ ਦੇ ਈਕੋਸਿਸਟਮ ਦਾ ਵਿਕਾਸ ਕਰਨਾ ਹੈ।
- ਆਲਮੀ ਵਿਕਾਸ ਵਿੱਚ ਭਾਰਤ ਦੇ ਯੋਗਦਾਨ ਨੂੰ ਵਧਾਉਣ ਸਬੰਧੀ ਸਿੱਖਿਆ, ਵਿਗਿਆਨ ਅਤੇ ਤਕਨੀਕ ਦੇ ਅਧਾਰ ਨੂੰ ਮਜ਼ਬੂਤ ਬਣਾਉਣ ਵਾਲੇ ਸਹਿਯੋਗ ਤੰਤਰ ਉੱਤੇ ਚਰਚਾ ਕਰਨਾ ਸੀ।
- ਪੂਰੇ ਮਹੀਨੇ ਵੈਬੀਨਾਰ, ਵੀਡੀਓ ਕਾਨਫ਼ਰੰਸਿੰਗ ਜ਼ਰੀਏ ਕਈ ਆਯੋਜਨ।

## ਇਸ ਮੌਕੇ ਉੱਤੇ ਪ੍ਰਧਾਨ ਮੰਤਰੀ ਦੇ ਸੰਬੋਧਨ ਦੇ ਅਹਿਮ ਬਿੰਦੂ

- ਅੱਜ ਮਹਾਤਮਾ ਗਾਂਧੀ ਦੀ ਜਯੰਤੀ ਦੇ ਅਵਸਰ 'ਤੇ ਅਸੀਂ ਮਿਲ ਰਹੇ ਹਾਂ। ਉਹ ਪਿੰਡ, ਸਮੁੱਚੀ ਮਾਨਵਤਾ ਦੇ ਕਲਿਆਣ ਬਾਰੇ ਸੋਚਿਆ ਕਰਦੇ ਸਨ। ਇਹੀ ਵਿਗਿਆਨ ਦਾ ਵੀ ਟੀਚਾ ਹੈ।
- ਵੈਭਵ ਸਮਿਟ ਦੇ ਜ਼ਰੀਏ ਅਸੀਂ ਪ੍ਰਵਾਸੀ ਭਾਰਤੀਆਂ ਨੂੰ ਮੁੜ ਆਪਣੇ ਦੇਸ਼ ਨਾਲ ਜੁੜਨ ਦਾ ਮੌਕਾ ਦੇ ਰਹੇ ਹਾਂ।
- ਭਾਰਤੀ ਭਾਈਚਾਰਾ ਦੁਨੀਆ ਭਰ ਵਿੱਚ ਹਰ ਖੇਤਰ ਵਿੱਚ ਬਿਹਤਰੀਨ ਕੰਮ ਕਰ ਰਿਹਾ ਹੈ। ਇਸ ਵਿੱਚ ਸਿੱਖਿਆ ਅਤੇ ਖੋਜ ਵੀ ਸ਼ਾਮਲ ਹੈ।
- ਕੰਪਿਊਟਰ, ਮੋਬਾਈਲ ਦੇ ਦੌਰ ਵਿੱਚ ਬਾਈਨਰੀ ਕੋਡ ਦੀ ਅਹਿਮੀਅਤ ਹੈ। ਜ਼ੀਰੋ ਭਾਰਤ ਦੀ ਦੇਣ ਹੈ। ਪ੍ਰਾਚੀਨ ਕਾਲ ਵਿੱਚ ਸੁਸ਼ਰੁਤ ਜਿਹੇ ਕਈ ਵਿਗਿਆਨੀਆਂ ਨੇ ਇਸ ਨੂੰ ਹੋਰ ਸਮ੍ਰਿੱਧ ਬਣਾਇਆ ਹੈ।
- ਸੱਭਿਅਤਾ ਦੇ ਵਿਕਾਸ ਦੇ ਕ੍ਰਮ ਵਿੱਚ ਹਰ ਦੌਰ ਦੀ ਆਪਣੀ ਖ਼ਾਸੀਅਤ ਰਹੀ ਹੈ। ਸਾਡੇ ਸਮਾਜਿਕ, ਆਰਥਿਕ ਵਿਕਾਸ ਦੇ ਕ੍ਰਮ ਵਿੱਚ ਖੋਜ ਦੀ ਬੜੀ ਅਹਿਮੀਅਤ ਹੈ। ਦੇਸ਼ ਵਿੱਚ ਸਵਦੇਸ਼ੀ ਵੈਕਸੀਨ ਦੇ ਵਿਕਾਸ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ।
- ਤਿੰਨ ਦਹਾਕਿਆਂ ਬਾਅਦ ਦੇਸ਼ ਨੂੰ ਨਵੀਂ ਸਿੱਖਿਆ ਨੀਤੀ ਮਿਲੀ ਹੈ। ਜਿਸ ਦਾ ਟੀਚਾ ਖੋਜ ਅਤੇ ਇਨੋਵੇਸ਼ਨ ਨੂੰ ਹੁਲਾਰਾ ਦੇਣਾ ਅਤੇ ਨਵੀਆਂ ਪ੍ਰਤਿਭਾਵਾਂ ਨੂੰ ਮੌਕੇ ਪ੍ਰਦਾਨ ਕਰਨਾ ਹੈ।
- ਸਟਾਰਟਅੱਪ ਸੈਕਟਰ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਅਸੀਂ ਦੇਸ਼ ਵਿੱਚ ਬਿਹਤਰੀਨ ਖੋਜ ਸੰਸਥਾਵਾਂ ਨਾਲ ਕਿਸਾਨਾਂ ਦੀ ਮਦਦ ਕਰਨਾ ਚਾਹੁੰਦੇ ਹਾਂ।
- ਸਾਡੇ ਖੇਤੀਬਾੜੀ ਖੋਜ ਵਿਗਿਆਨੀਆਂ ਨੇ ਦਾਲ਼ਾਂ ਦੇ ਸਾਡੇ ਉਤਪਾਦਨ ਨੂੰ ਵਧਾਉਣ ਦੇ ਲਈ ਸਖ਼ਤ ਮਿਹਨਤ ਕੀਤੀ ਹੈ। ਅੱਜ ਅਸੀਂ ਦਾਲਾਂ ਦੇ ਮਾਮੂਲੀ ਹਿੱਸੇ ਦਾ ਹੀ ਆਯਾਤ ਕਰਦੇ ਹਾਂ। ਸਾਡਾ ਅਨਾਜ ਉਤਪਾਦਨ ਇੱਕ ਰਿਕਾਰਡ ਉਚਾਈ ਉੱਤੇ ਪਹੁੰਚ ਗਿਆ ਹੈ।
- ਖੋਜ ਨੂੰ ਪ੍ਰੋਤਸਾਹਨ ਦੇਣਾ ਮੌਜੂਦਾ ਦੌਰ ਦੀ ਲੋੜ ਹੈ। ਵੈਭਵ ਸਮਿਟ ਇਸ ਦਿਸ਼ਾ ਵਿੱਚ ਬੇਹੱਦ ਕਾਰਗਾਰ ਸਾਬਤ ਹੋਵੇਗਾ।
- ਅਸੀਂ ਸੁਪਰ ਕੰਪਿਊਟਿੰਗ ਅਤੇ ਸਾਈਬਰ – ਫ਼ਿਜ਼ੀਕਲ ਬਾਰੇ ਵੱਡੇ ਮਿਸ਼ਨ ਸ਼ੁਰੂ ਕੀਤੇ ਹਨ। ਇਹ ਕੁਸ਼ਲ ਯੁਵਾ ਮਾਨਵ ਸੰਸਾਧਨ ਤਿਆਰ ਕਰਨ ਵਿੱਚ ਮਦਦ ਕਰਨਗੇ। ਸਟਾਰਟਅੱਪ ਖੇਤਰ ਵੀ ਸਮ੍ਰਿੱਧ ਹੋਵੇਗਾ। ਇਸ ਮਿਸ਼ਨ ਦੇ ਤਹਿਤ 25 ਟੈਕਨੋਲੋਜੀ ਇਨੋਵੇਸ਼ਨ ਹੱਬਸ ਪਹਿਲਾਂ ਹੀ ਲਾਂਚ ਕੀਤੀਆਂ ਜਾ ਚੁੱਕੀਆਂ ਹਨ।

ਸੋਚਣ ਦੀ ਸ਼ਕਤੀ ਨੇ ਮਨੁੱਖ ਨੂੰ ਉਪਕਰਣ ਅਤੇ ਤਕਨੀਕ ਬਣਾਉਣ ਦੇ ਯੋਗ ਬਣਾਇਆ। ਅੱਜ ਇਨ੍ਹਾਂ ਉਪਕਰਣਾਂ ਅਤੇ ਤਕਨੀਕਾਂ ਨੇ ਸਿੱਖਣ ਅਤੇ ਸੋਚਣ ਦੀ ਸ਼ਕਤੀ ਵੀ ਹਾਸਲ ਕਰ ਲਈ ਹੈ। ਇਸ ਵਿੱਚ ਇੱਕ ਪ੍ਰਮੁੱਖ ਉੱਭਰਦੀ ਤਕਨੀਕ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਹੈ। ਮਨੁੱਖ ਅਤੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦਾ ਟੀਮਵਰਕ ਇੱਕ ਚਮਤਕਾਰ ਕਰ ਸਕਦਾ ਹੈ। ਇਸ ਲਈ ਮਾਹਿਰਾਂ ਦਾ ਮੰਨਣਾ ਹੈ ਕਿ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਭਾਰਤ ਦੀ ਅਰਥਵਿਵਸਥਾ ਦੇ ਲਈ 2035 ਤੱਕ 957 ਬਿਲੀਅਨ ਅਮਰੀਕੀ ਡਾਲਰ ਯਾਨੀ ਕਿ 7 ਲੱਖ ਕਰੋੜ ਰੁਪਏ ਆਕਰਸ਼ਿਤ ਕਰ ਸਕਦੀ ਹੈ।●

ਏਆਈ ਸਮਿਟ ਵਿੱਚ ਪੀਐੱਮ ਦਾ ਪੂਰਾ ਸੰਬੋਧਨ ਸੁਣਨ ਦੇ ਲਈ QR ਕੋਡ ਸਕੈਨ ਕਰੋ।

QR ਕੋਡ ਸਕੈਨ ਕਰਕੇ ਵੈਭਵ ਸਮਿਟ ਵਿੱਚ ਪੀਐੱਮ ਦਾ ਪੂਰਾ ਸੰਬੋਧਨ ਸੁਣੋ।



# ਉੱਤਰ-ਪੂਰਬ ਹੁਣ ਬਣ ਰਿਹਾ ਦੇਸ਼ ਦਾ ਵਿਕਾਸ ਇੰਜਣ

**ਕੇਂਦਰ ਸਰਕਾਰ ਦੀ ਲੰਬੀ ਸੋਚ ਅਤੇ ਫੋਕਸ ਨਾਲ ਉੱਤਰ-ਪੂਰਬ ਦੇ ਅੱਠ ਰਾਜ ਵਰਲਡ ਟੂਰਿਜ਼ਮ ਦਾ ਮੁੱਖ ਕੇਂਦਰ ਬਣ ਰਹੇ ਹਨ ਜਿਸ ਵਿੱਚ ਹਵਾਈ, ਰੇਲ, ਸੜਕ ਪ੍ਰੋਜੈਕਟਾਂ ਨਾਲ ਕਨੈਕਟੀਵਿਟੀ ਨੇ ਵੀ ਰਫ਼ਤਾਰ ਦਿੱਤੀ। ਇਸ ਖੇਤਰ ਦਾ 30 ਤੋਂ ਜ਼ਿਆਦਾ ਵਾਰ ਦੌਰਾ ਕਰਕੇ ਪ੍ਰਧਾਨ ਮੰਤਰੀ ਮੋਦੀ ਨੇ ਜਤਾਈ ਪ੍ਰਾਥਮਿਕਤਾ**

ਭਾਰਤੀ ਸੱਭਿਆਚਾਰ ਦਾ ਗਹਿਣਾ ਹੈ ਉੱਤਰ-ਪੂਰਬ ਭਾਰਤ। ਜਿਸ ਨੂੰ ਵਰਲਡ ਟੂਰਿਜ਼ਮ ਦਾ ਕੇਂਦਰ ਬਣਾਉਣ ਅਤੇ ਵਿਕਾਸ ਦੀ ਗਤੀ ਨਾਲ ਜੋੜਨ ਲਈ ਕੇਂਦਰ ਸਰਕਾਰ ਪਿਛਲੇ ਛੇ ਸਾਲ ਤੋਂ ਮਿਸ਼ਨ ਮੋਡ ਵਿੱਚ ਕੰਮ ਕਰ ਰਹੀ ਹੈ ਤਾਕਿ ਇਹ ਖੇਤਰ ਵੋਕਲ ਫਾਰ ਲੋਕਲ ਦੇ ਮੰਤਰ ਨਾਲ ਆਤਮਨਿਰਭਰ ਭਾਰਤ ਦਾ ਅਹਿਮ ਹਿੱਸਾ ਬਣੇ। ਬੀਤੇ ਸਾਢੇ 6 ਸਾਲ ਵਿੱਚ ਉਦਯੋਗਾਂ ਦੇ ਵਿਕਾਸ ਅਤੇ ਟੂਰਿਜ਼ਮ ਦੇ ਵਧਦੇ ਮੌਕਿਆਂ ਨਾਲ ਉੱਤਰ-ਪੂਰਬ ਕੇਂਦਰ ਬਿੰਦੂ ਬਣਿਆ ਹੈ ਤਾਂ ਬੰਗਲਾਦੇਸ਼ ਸੀਮਾ ਸਮਝੌਤਾ, ਮਣੀਪੁਰ ਦੀ ਨਾਕਾਬੰਦੀ (ਬਲੌਕੇਡ), ਬੋਡੋ ਸਮਝੌਤਾ ਅਤੇ 8 ਉਗਰਵਾਦੀ ਗੁੱਟਾਂ ਦੇ 641 ਕਾਡਰ ਸਮੇਤ ਹਜ਼ਾਰਾਂ ਦਹਿਸ਼ਤਗਰਦਾਂ ਦੇ ਆਤਮ-ਸਮਰਪਣ ਨਾਲ ਇਹ ਖੇਤਰ ਨਵੇਂ ਰਾਹ 'ਤੇ ਚਲ ਪਿਆ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉੱਤਰ-ਪੂਰਬ ਭਾਰਤ ਦੀ ਕਲਾ, ਸੱਭਿਆਚਾਰਾਂ ਦਾ ਦੇਸ਼ ਦੇ ਵਿਭਿੰਨ ਸੱਭਿਆਚਾਰਾਂ ਨਾਲ ਪਰਿਚੈ ਕਰਵਾਉਣ ਲਈ 27 ਤੋਂ 30 ਸਤੰਬਰ ਤੱਕ 'ਡੈਸਟੀਨੇਸ਼ਨ ਨੌਰਥ ਈਸਟ-2020' ਦੇ ਆਯੋਜਨ ਸਮਾਰੋਹ ਦਾ ਉਦਘਾਟਨ ਕੀਤਾ ਤਾਂ ਉੱਤਰ-ਪੂਰਬ ਨੂੰ ਲੈ ਕੇ ਸਰਕਾਰ ਦੀ ਸਮੁੱਚੀ ਸੋਚ ਨੂੰ ਵੀ ਰੱਖਿਆ। ਇਸ ਆਯੋਜਨ ਦਾ ਮਕਸਦ ਉੱਤਰ-ਪੂਰਬ ਖੇਤਰ ਨੂੰ ਦੇਸ਼ ਦੇ ਹੋਰ ਹਿੱਸਿਆਂ ਦੇ ਨਜ਼ਦੀਕ ਲਿਆਉਣਾ ਅਤੇ ਰਾਸ਼ਟਰੀ ਏਕੀਕਰਨ ਨੂੰ ਮਜ਼ਬੂਤ ਕਰਨਾ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਉੱਤਰ-ਪੂਰਬ ਪਰਿਸ਼ਦ ਦੇ ਚੇਅਰਮੈਨ ਵੀ ਹਨ। ਉਨ੍ਹਾਂ ਨੇ ਇਸ ਤਰ੍ਹਾਂ ਦਾ ਅਗਲਾ ਸਮਾਰੋਹ ਆਪਣੇ ਸੰਸਦੀ ਖੇਤਰ ਗਾਂਧੀਨਗਰ ਵਿੱਚ ਕਰਨ ਦਾ ਸੱਦਾ ਵੀ ਦਿੱਤਾ ਤਾਕਿ ਦੋਵਾਂ ਥਾਵਾਂ ਦੇ ਲੋਕ ਇੱਕ-ਦੂਜੇ ਦੇ ਸੱਭਿਆਚਾਰ ਤੋਂ ਜਾਣੂ ਹੋ ਸਕਣ। ●

## ਨਰੇਂਦਰ ਮੋਦੀ ਸਭ ਤੋਂ ਜ਼ਿਆਦਾ ਵਾਰ ਨੌਰਥ ਈਸਟ ਜਾਣ ਵਾਲੇ ਪੀਐੱਮ : ਗ੍ਰਹਿ ਮੰਤਰੀ



- ਆਪਣੇ ਸੰਬੋਧਨ ਵਿੱਚ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ- ਪ੍ਰਧਾਨ ਮੰਤਰੀ ਬਣਨ ਦੇ ਬਾਅਦ ਨਰੇਂਦਰ ਮੋਦੀ ਸਭ ਤੋਂ ਜ਼ਿਆਦਾ ਵਾਰ ਨੌਰਥ ਈਸਟ ਜਾਣ ਵਾਲੇ ਪ੍ਰਧਾਨ ਮੰਤਰੀ ਬਣੇ।
- 14ਵੇਂ ਵਿੱਤ ਕਮਿਸ਼ਨ ਨੇ ਉੱਤਰ-ਪੂਰਬ ਲਈ ਬਜਟ ਵੰਡ ਵਿੱਚ 250% ਵਾਧਾ ਕੀਤਾ ਹੈ। ਉੱਤਰ-ਪੂਰਬ ਪਰਿਸ਼ਦ ਦੇ ਬਜਟ ਦਾ 21% ਪਿਛੜੇ ਜ਼ਿਲ੍ਹਿਆਂ, ਪਿੰਡਾਂ ਅਤੇ ਵਿਕਾਸ ਤੋਂ ਵੰਚਿਤ ਸਮੁਦਾਇ 'ਤੇ ਖਰਚ ਕਰਨ ਦਾ ਫੈਸਲਾ ਕੀਤਾ।
- ਉੱਤਰ-ਪੂਰਬ ਵਿੱਚ 15,088 ਕਰੋੜ ਰੁਪਏ ਦੇ 6 ਰੇਲ ਪ੍ਰੋਜੈਕਟਾਂ ਨੂੰ ਪੂਰਾ ਕਰ ਲਿਆ ਗਿਆ ਹੈ। ਹਵਾਈ ਅੱਡਿਆਂ ਦੇ ਵਿਕਾਸ 'ਤੇ 553 ਕਰੋੜ ਰੁਪਏ ਅਤੇ 869 ਕਿਲੋਮੀਟਰ ਦੇ 19 ਸੜਕ ਪ੍ਰੋਜੈਕਟਾਂ 'ਤੇ 10 ਹਜ਼ਾਰ ਕਰੋੜ ਰੁਪਏ ਖਰਚ ਹੋਣਗੇ।
- ਐਕਟ ਈਸਟ ਨੀਤੀ ਦਾ ਅਹਿਮ ਹਿੱਸਾ ਬਣਾਉਣ ਲਈ ਉੱਤਰ-ਪੂਰਬ ਨੂੰ ਟੂਰਿਜ਼ਮ ਅਤੇ ਉਦਯੋਗ ਕੇਂਦਰ ਅਤੇ ਆਈ ਟੀ ਅਤੇ ਔਰਗੈਨਿਕ ਖੇਤੀ ਦੀ ਹੱਬ ਬਣਾਉਣ ਦਾ ਸੱਦਾ।

### ਇਸ ਲਈ ਖਾਸ ਹੈ ਉੱਤਰ-ਪੂਰਬ ਖੇਤਰ

**ਈਕੋਟੂਰਿਜ਼ਮ** : ਵਣ ਜੀਵ ਰੱਖ, ਕੁਦਰਤੀ ਸੁੰਦਰਤਾ ਦੇ ਨਾਲ ਟੂਰਿਜ਼ਮ ਲਈ ਆਦਰਸ਼ ਸਥਿਤੀ।

**ਸੱਭਿਆਚਾਰ** : ਜਨਜਾਤੀ ਵਿਰਾਸਤ, ਸੱਭਿਆਚਾਰ ਅਤੇ ਕਲਾ-ਸ਼ਿਲਪ ਉੱਤਰ-ਪੂਰਬ ਨੂੰ ਬਾਕੀ ਭਾਰਤ ਤੋਂ ਅਲੱਗ ਕਰਦੇ ਹਨ।

**ਹੈਰੀਟੇਜ** : ਹੈਰੀਟੇਜ ਟੂਰਿਜ਼ਮ ਨੂੰ ਇਸ ਖੇਤਰ ਵਿੱਚ ਇੱਕ ਸਹਿਭਾਗੀ ਦ੍ਰਿਸ਼ਟੀਕੋਣ ਨਾਲ ਉਠਾਇਆ ਗਿਆ ਹੈ।

**ਧਾਰਮਿਕ ਤੀਰਥ ਯਾਤਰਾ** : ਪ੍ਰਸਿੱਧ ਅਤੇ ਪੁਰਾਣੇ ਧਾਰਮਿਕ ਸਥਾਨਾਂ ਨੂੰ ਨੈਸ਼ਨਲ ਟੂਰਿਜ਼ਮ ਸਰਕਿਟ ਨਾਲ ਜੋੜਿਆ ਗਿਆ ਹੈ।

**ਕਾਰੋਬਾਰ** : ਆਕਰਸ਼ਕ ਕੁਦਰਤੀ ਵਾਤਾਵਰਣ ਅਤੇ ਬਾਹਰੀ ਸਥਲ 'ਤੇ ਕਾਰੋਬਾਰੀ ਬੈਠਕਾਂ ਦੇ ਵਧ ਰਹੇ ਰੁਝਾਨ ਨੂੰ ਦੇਖ ਕੇ ਇੱਥੇ ਅਪਾਰ ਸੰਭਾਵਨਾਵਾਂ ਹਨ।

# ਨਮਾਮਿ ਗੰਗੇ

## ਕਿਨਾਰਿਆਂ 'ਤੇ ਵਸਦੀ ਹੈ ਅੱਧੀ ਆਬਾਦੀ ਇਸ ਲਈ

# ਨਿਰਮਲ-ਅਵਿਰਲ ਗੰਗਾ ਜ਼ਰੂਰੀ

ਭਾਰਤ ਵਿੱਚ ਗੰਗਾ ਆਸਥਾ ਹੀ ਨਹੀਂ, ਦੇਸ਼ ਦੀ ਅਰਥਵਿਵਸਥਾ ਦਾ ਵੀ ਅਧਾਰ ਹੈ। ਗੰਦਗੀ ਅਤੇ ਪ੍ਰਦੂਸ਼ਣ ਦੇ ਬੋਝ ਹੇਠ ਦਬੇ ਇਸੇ ਅਧਾਰ ਨੂੰ ਫਿਰ ਤੋਂ ਸੰਵਾਰਨ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਨਮਾਮਿ ਗੰਗੇ' ਯੋਜਨਾ ਦੀ ਨੀਂਹ ਰੱਖੀ। ਹਾਲ ਹੀ ਵਿੱਚ ਉੱਤਰਾਖੰਡ ਵਿੱਚ ਇਸ ਯੋਜਨਾ ਤਹਿਤ 6 ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ ਤਾਕਿ ਦੇਸ਼ ਦੀ ਅੱਧੀ ਆਬਾਦੀ ਨੂੰ ਉਸ ਦਾ ਖੋਇਆ ਹੋਇਆ ਅਧਾਰ ਵਾਪਸ ਮਿਲ ਸਕੇ।

> "ਨਮਾਮਿ ਗੰਗੇ ਮਿਸ਼ਨ ਨਦੀਆਂ ਦੀ ਸੰਭਾਲ਼ ਦਾ ਸਭ ਤੋਂ ਵੱਡਾ ਮਿਸ਼ਨ ਹੈ। ਇਸ ਦਾ ਉਦੇਸ਼ ਸਿਰਫ਼ ਗੰਗਾ ਨਦੀ ਦੀ ਸਵੱਛਤਾ ਨਹੀਂ ਹੈ ਬਲਕਿ ਇਹ ਸਮੁੱਚੀਆਂ ਨਦੀਆਂ ਦੀ ਸਵੱਛਤਾ 'ਤੇ ਕੇਂਦ੍ਰਿਤ ਹੈ। ਇਸ ਨਵੀਂ ਸੋਚ ਨਾਲ ਗੰਗਾ ਨਦੀ ਜੀਵੰਤ ਹੋ ਉਠੀ ਹੈ। ਬੀਤੇ ਦਹਾਕਿਆਂ ਵਿੱਚ ਗੰਗਾ ਜਲ ਦੀ ਸਵੱਛਤਾ ਨੂੰ ਲੈ ਕੇ ਵੱਡੀਆਂ-ਵੱਡੀਆਂ ਮੁਹਿੰਮਾਂ ਸ਼ੁਰੂ ਹੋਈਆਂ ਸਨ, ਲੇਕਿਨ ਉਨ੍ਹਾਂ ਮੁਹਿੰਮਾਂ ਵਿੱਚ ਨਾ ਤਾਂ ਜਨ ਭਾਗੀਦਾਰੀ ਸੀ ਤੇ ਨਾ ਹੀ ਦੂਰਦਰਸ਼ਤਾ। ਨਤੀਜਾ ਇਹ ਹੋਇਆ ਕਿ ਗੰਗਾ ਕਦੇ ਸਾਫ਼ ਨਹੀਂ ਹੋ ਸਕੀ। -ਨਰੇਂਦਰ ਮੋਦੀ, ਪ੍ਰਧਾਨ ਮੰਤਰੀ"



ਪ੍ਰਧਾਨ ਮੰਤਰੀ ਦਾ ਸੰਬੋਧਨ ਸੁਣਨ ਲਈ QR ਕੋਡ ਸਕੈਨ ਕਰੋ।

ਗੰਗਾ ਨਦੀ ਦਾ ਨਾ ਸਿਰਫ਼ ਸੱਭਿਆਚਾਰਕ ਅਤੇ ਅਧਿਆਤਮਕ ਮਹੱਤਵ ਹੈ ਬਲਕਿ ਦੇਸ਼ ਦੀ 50% ਫੀਸਦੀ ਆਬਾਦੀ ਗੰਗਾ ਨਦੀ ਦੇ ਕਿਨਾਰਿਆਂ 'ਤੇ ਵਸਦੀ ਹੈ, ਉਸ 'ਤੇ ਨਿਰਭਰ ਹੈ। 2014 ਵਿੱਚ ਨਿਊ ਯਾਰਕ ਦੇ ਮੈਡੀਸਨ ਸਕੁਵਾਇਰ ਗਾਰਡਨ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਸੀ, "ਅਗਰ ਅਸੀਂ ਇਸ ਨੂੰ ਸਾਫ਼ ਕਰਨ ਵਿੱਚ ਸਮਰੱਥ ਹੋ ਗਏ ਤਾਂ ਇਹ ਦੇਸ਼ ਦੀ ਅੱਧੀ ਆਬਾਦੀ ਲਈ ਇੱਕ ਵੱਡੀ ਮਦਦ ਸਾਬਤ ਹੋਵੇਗੀ। ਇਸ ਲਈ ਗੰਗਾ ਦੀ ਸਫ਼ਾਈ ਇੱਕ ਆਰਥਿਕ ਏਜੰਡਾ ਵੀ ਹੈ।" ਗੰਗਾ ਦੀ ਨਿਰਮਲ ਅਤੇ ਅਵਿਰਲ ਧਾਰਾ ਲਈ ਜੁਲਾਈ 2014 ਵਿੱਚ ਸ਼ੁਰੂ 'ਨਮਾਮਿ ਗੰਗੇ' ਮਿਸ਼ਨ ਤਹਿਤ ਅੱਜ 30 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦੇ ਪ੍ਰੋਜੈਕਟ ਜਾਂ ਤਾਂ ਪੂਰੇ ਹੋ ਚੁੱਕੇ ਹਨ ਜਾਂ ਫਿਰ ਉਨ੍ਹਾਂ 'ਤੇ ਕੰਮ ਚਲ ਰਿਹਾ ਹੈ।

## ਯੋਜਨਾਵਾਂ ਬਣੀਆਂ, ਬਜਟ ਰੱਖੇ ਗਏ, ਸਾਫ਼ ਨਹੀਂ ਹੋਈ ਗੰਗਾ

1986 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ 462 ਕਰੋੜ ਰੁਪਏ ਦੀ ਲਾਗਤ ਵਾਲੇ 'ਗੰਗਾ ਐਕਸ਼ਨ ਪਲਾਨ' ਨੂੰ ਪ੍ਰਵਾਨਗੀ ਦਿੱਤੀ ਸੀ, ਜਿਸ ਦਾ ਮੁੱਖ ਉਦੇਸ਼ ਨਦੀ ਦਾ ਪ੍ਰਦੂਸ਼ਣ ਰੋਕਣਾ ਅਤੇ ਇਸ ਦੇ ਪਾਣੀ ਦੀ ਗੁਣਵੱਤਾ ਨੂੰ ਬਿਹਤਰ ਬਣਾਉਣਾ ਸੀ, ਲੇਕਿਨ ਗੰਗਾ ਸਾਫ਼ ਨਹੀਂ ਹੋ ਸਕੀ। ਇਸ ਦੇ ਬਾਅਦ ਫਰਵਰੀ 2009 ਵਿੱਚ ਗੰਗਾ ਨੂੰ ਰਾਸ਼ਟਰੀ ਨਦੀ ਦਾ ਦਰਜਾ ਦੇ ਕੇ ਫਿਰ ਇਸ ਦੀ ਸ਼ੁਰੂਆਤ ਕੀਤੀ। ਇਸੇ ਸਾਲ ਅਗਸਤ ਵਿੱਚ ਰਾਸ਼ਟਰੀ ਗੰਗਾ ਨਦੀ ਬੇਸਿਨ ਅਥਾਰਿਟੀ ਦਾ ਗਠਨ ਕੀਤਾ ਗਿਆ। ਇਨ੍ਹਾਂ ਸਾਰੀਆਂ ਮੁਹਿੰਮਾਂ ਦਾ ਉਦੇਸ਼ ਗੰਗਾ ਵਿੱਚ ਮਿਲਣ ਵਾਲੇ ਗੰਦੇ ਪਾਣੀ ਨੂੰ ਰੋਕਣਾ ਸੀ। ਇਸ ਲਈ ਗੰਗਾ ਵਿੱਚ ਮਿਲਣ ਵਾਲੇ ਨਾਲ਼ਿਆਂ ਦਾ ਪਾਣੀ ਸੀਵੇਜ ਟ੍ਰੀਟਮੈਂਟ ਦੇ ਬਾਅਦ ਗੰਗਾ ਵਿੱਚ ਛੱਡਿਆ ਜਾਣਾ ਸੀ। ਲੇਕਿਨ ਤਮਾਮ ਯਤਨਾਂ ਦੇ ਬਾਵਜੂਦ ਗੰਗਾ ਦੀ ਹਾਲਤ ਜਿਉਂ ਦੀ ਤਿਉਂ ਹੀ ਰਹੀ।

## ਤਦ ਸ਼ੁਰੂ ਹੋਇਆ "ਨਮਾਮਿ ਗੰਗੇ" ਮਿਸ਼ਨ

ਇਸ ਦੇ ਬਾਅਦ 10 ਜੁਲਾਈ 2014 ਨੂੰ 'ਨਮਾਮਿ ਗੰਗੇ' ਦੇ ਨਾਮ ਨਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਖ਼ਾਹਿਸ਼ੀ ਯੋਜਨਾ ਦੀ ਸ਼ੁਰੂਆਤ ਹੋਈ। ਮੋਦੀ ਸਰਕਾਰ ਨੇ ਜੁਲਾਈ 2014 ਦੇ ਬਜਟ ਵਿੱਚ 2037 ਕਰੋੜ ਰੁਪਏ ਦਿੱਤੇ ਜਿਸ ਨੂੰ ਬਾਅਦ ਵਧਾ ਕੇ 20 ਹਜ਼ਾਰ ਕਰੋੜ ਕਰ ਦਿੱਤਾ। 18 ਸਾਲ ਤੱਕ ਚਲਣ ਵਾਲੇ ਇਸ ਨਮਾਮਿ ਗੰਗੇ ਯੋਜਨਾ ਦੀ ਜ਼ਿੰਮੇਦਾਰੀ

## ਹੁਣ ਤੱਕ ਇਹ ਕੰਮ ਹੋਏ...

**ਸੀਵੇਜ ਟ੍ਰੀਟਮੈਂਟ** ਇਸ ਤਹਿਤ ਪੰਜ ਰਾਜਾਂ ਉੱਤਰਾਖੰਡ, ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ ਅਤੇ ਪੱਛਮ ਬੰਗਾਲ ਵਿੱਚ 63 ਸੀਵੇਜ ਮੈਨੇਜਮੈਂਟ ਸਿਸਟਮ ਬਣਾਏ ਜਾਣੇ ਹਨ। ਇੱਥੇ 12 ਪ੍ਰੋਜੈਕਟ ਸ਼ੁਰੂ ਹੋ ਗਏ ਹਨ। 44 ਸਥਾਨਾਂ 'ਤੇ ਜਲ ਦੀ ਗੁਣਵੱਤਾ ਦੀ ਨਿਯਮਿਤ ਜਾਂਚ ਲਈ ਮੌਨੀਟਰਿੰਗ ਸਟੇਸ਼ਨ ਬਣਾਏ ਗਏ ਹਨ।

**ਰਿਵਰ ਫ੍ਰੰਟ** 28 ਰਿਵਰ ਫ੍ਰੰਟ ਡਿਵੈਲਪਮੈਂਟ ਪ੍ਰੋਜੈਕਟਾਂ 'ਤੇ ਕੰਮ ਕੀਤਾ ਜਾ ਰਿਹਾ ਹੈ। 182 ਘਾਟਾਂ ਨਾਲ 118 ਸ਼ਮਸ਼ਾਨ ਘਾਟਾਂ ਦੇ ਨਿਰਮਾਣ, ਆਧੁਨਿਕੀਕਰਨ ਅਤੇ ਨਵੀਨੀਕਰਨ ਲਈ 33 ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ।

**ਸਤ੍ਹਾ ਦੀ ਸਫ਼ਾਈ** ਗੰਗਾ ਨਦੀ ਅਤੇ ਉਸ ਦੇ ਘਾਟਾਂ 'ਤੇ ਗੰਦਗੀ ਨੂੰ ਸਾਫ਼ ਕਰਨ ਅਤੇ ਇਸ ਕਚਰੇ ਦੇ ਨਿਪਟਾਰੇ ਲਈ 11 ਥਾਵਾਂ 'ਤੇ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ।

**ਜੈਵਿਕ ਵਿਵਿਧਤਾ ਸੰਭਾਲ਼** ਗੰਗਾ ਨਦੀ ਵਿੱਚ ਮੱਛੀਆਂ ਅਤੇ ਡੌਲਫਿਨ ਸੰਭਾਲ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਜਲ ਵਾਲੇ ਜੀਵਾਂ ਦੀ ਸੰਭਾਲ਼ ਲਈ ਦੇਹਰਾਦੂਨ, ਨਰੋਰਾ, ਪ੍ਰਯਾਗਰਾਜ, ਵਾਰਾਣਸੀ ਅਤੇ ਬੈਰਕਪੁਰ ਵਿੱਚ 5 ਜੈਵਿਕ ਵਿਵਿਧਤਾ ਕੇਂਦਰਾਂ ਦੀ ਸਥਾਪਨਾ ਕੀਤੀ ਗਈ ਹੈ।

**ਜੰਗਲ ਦਾ ਵਿਸਤਾਰ** ਇਸ ਯੋਜਨਾ ਤਹਿਤ ਗੰਗਾ ਨਦੀ ਦੇ ਕਿਨਾਰੇ 2300 ਕਰੋੜ ਰੁਪਏ ਦੀ ਲਾਗਤ ਨਾਲ ਪੌਦੇ ਲਗਾਉਣ ਦਾ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਮੱਛੀਆਂ 'ਤੇ ਖੋਜ ਕੇਂਦਰ ਅਤੇ ਵਾਤਾਵਰਣ ਸਿੱਖਿਆ ਸੰਸਥਾਨ ਦੀ ਸ਼ੁਰੂਆਤ ਵੀ ਕੀਤੀ ਗਈ ਹੈ।

**ਉਦਯੋਗਾਂ ਦੀ ਨਿਗਰਾਨੀ** ਪ੍ਰਦੂਸ਼ਣ ਫੈਲਾਉਣ ਵਾਲੇ ਉਦਯੋਗਾਂ ਦੀ ਨਿਗਰਾਨੀ ਕਰਕੇ 110 ਉਦਯੋਗਾਂ ਖ਼ਿਲਾਫ਼ ਕਾਰਵਾਈ ਵੀ ਕੀਤੀ ਗਈ ਹੈ।

**ਗੰਗਾ ਗ੍ਰਾਮ** ਯੋਜਨਾ ਦੇ ਤਹਿਤ ਆਉਣ ਵਾਲੇ ਪੰਜ ਰਾਜਾਂ ਵਿੱਚ ਗੰਗਾ ਕਿਨਾਰੇ ਦੇ 1674 ਪਿੰਡਾਂ ਵਿੱਚ 578 ਕਰੋੜ ਰੁਪਏ ਨਾਲ ਪਖਾਨਿਆਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਹਾਲੇ 8.5 ਲੱਖ ਤੋਂ ਜ਼ਿਆਦਾ ਪਖਾਨੇ ਬਣ ਚੁੱਕੇ ਹਨ। 65 ਪਿੰਡਾਂ ਨੂੰ ਮਾਡਲ ਪਿੰਡ ਦੇ ਰੂਪ ਵਿੱਚ ਵਿਕਸਿਤ ਕੀਤਾ ਜਾ ਰਿਹਾ ਹੈ।

## ਨਮਾਮਿ ਗੰਗੇ 'ਤੇ ਇੱਕ ਨਜ਼ਰ

- **ਸ਼ੁਰੂਆਤ** — ਨਮਾਮਿ ਗੰਗੇ ਦੀ 10 ਜੁਲਾਈ 2014 ਨੂੰ ਸ਼ੁਰੂਆਤ ਕੀਤੀ ਗਈ।
- **ਬਜਟ** — 20 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਹੈ ਕੁੱਲ ਬਜਟ
- **5 ਰਾਜ ਸ਼ਾਮਲ** — ਉੱਤਰਾਖੰਡ, ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਪੱਛਮ ਬੰਗਾਲ
- **ਸਮਾਂ ਸੀਮਾ** — 18 ਸਾਲ ਹੈ ਕੁੱਲ ਸਮਾਂ ਸੀਮਾ ਯੋਜਨਾ ਪੂਰੀ ਹੋਣ ਦੀ


**15 ਕਰੋੜ ਲੀਟਰ** ਸੀਵੇਜ ਗੰਗਾ ਵਿੱਚ ਕਾਨਪੁਰ ਤੋਂ ਵਾਰਾਣਸੀ ਵਿਚਕਾਰ ਰੋਜ਼ ਡਿੱਗਦਾ ਸੀ ਜੋ ਹੁਣ ਬੰਦ ਹੋਇਆ। ਨਮਾਮਿ ਗੰਗੇ ਮਿਸ਼ਨ ਦੇ ਤਹਿਤ ਗੰਦੇ ਪਾਣੀ ਨੂੰ ਗੰਗਾ ਵਿੱਚ ਡਿੱਗਣ ਤੋਂ ਰੋਕਣ 'ਤੇ ਵਿਸ਼ੇਸ਼ ਧਿਆਨ।

## ਪ੍ਰੋਜੈਕਟ ਦਾ ਮੁੱਖ ਉਦੇਸ਼

ਨਮਾਮਿ ਗੰਗੇ ਮਿਸ਼ਨ ਦਾ ਉਦੇਸ਼ ਗੰਗਾ ਨਦੀ ਦੀ ਸਵੱਛਤਾ ਦੇ ਨਾਲ-ਨਾਲ ਸਮੁੱਚੀ ਗੰਗਾ ਬੈਲਟ ਦੇ ਖੇਤਰਾਂ ਵਿੱਚ ਅਰਥਵਿਵਸਥਾ ਅਤੇ ਵਾਤਾਵਰਣ ਦਾ ਵਿਕਾਸ ਵੀ ਹੈ। ਗੰਗਾ ਨਦੀ ਦੀ ਜੈਵਿਕ ਵਿਵਿਧਤਾ ਸੰਭਾਲ਼ ਦੇ ਨਾਲ ਜੈਵਿਕ ਖੇਤੀ ਅਤੇ ਆਯੁਰਵੇਦਿਕ ਖੇਤੀ ਦੀ ਸਰਕਾਰ ਨੇ ਸਮੁੱਚੀ ਯੋਜਨਾ ਤਿਆਰ ਕੀਤੀ ਹੈ। ਜਿਸ ਵਿੱਚ ਪੇੜ-ਪੌਦੇ ਲਗਾਉਣ ਦੇ ਨਾਲ ਹੀ ਔਰਗੈਨਿਕ ਫਾਰਮਿੰਗ ਨਾਲ ਜੁੜਿਆ ਕੌਰੀਡੋਰ ਵੀ ਵਿਕਸਿਤ ਕੀਤਾ ਜਾ ਰਿਹਾ ਹੈ। ਇਸ ਨਾਲ ਮਿਸ਼ਨ ਡੌਲਫਿਨ ਨੂੰ ਮਜ਼ਬੂਤੀ ਮਿਲੇਗੀ ਜਿਸ ਦਾ ਐਲਾਨ ਇਸ ਸਾਲ 15 ਅਗਸਤ ਨੂੰ ਕੀਤਾ ਗਿਆ ਸੀ। ਇਸ ਯੋਜਨਾ ਦੇ ਤਹਿਤ ਦੇਹਰਾਦੂਨ, ਨਰੋਰਾ, ਇਲਾਹਾਬਾਦ, ਵਾਰਾਣਸੀ ਅਤੇ ਬੈਰਕਪੁਰ ਨੂੰ ਜੈਵ ਵਿਵਿਧਤਾ ਵਿਰਾਸਤ ਸੰਭਾਲ਼ ਕੇਂਦਰ ਦੇ ਰੂਪ ਵਿੱਚ ਵਿਕਸਿਤ ਕਰਨਾ ਹੈ।

## ਇਨ੍ਹਾਂ ਚਾਰ ਮੰਤਰਾਂ ਨਾਲ ਹਾਸਲ ਹੋਵੇਗਾ ਟੀਚਾ

1. ਸੀਵੇਜ ਟ੍ਰੀਟਮੈਂਟ ਪਲਾਂਟਾਂ ਦੀ ਵੱਡੀ ਸੰਖਿਆ ਵਿੱਚ ਸਥਾਪਨਾ, ਜੋ ਗੰਗਾ ਨਦੀ ਵਿੱਚ ਜਾਣ ਵਾਲੇ ਦੂਸ਼ਿਤ ਜਲ ਅਤੇ ਮਲ ਨੂੰ ਸ਼ੁੱਧ ਕਰ ਸਕੇ।
2. ਅਗਲੇ 10-15 ਸਾਲ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖ ਕੇ ਇਨ੍ਹਾਂ ਪਲਾਂਟਾਂ ਦਾ ਨਿਰਮਾਣ ਕਰਨਾ।
3. ਗੰਗਾ ਨਦੀ ਦੇ ਨਜ਼ਦੀਕ ਵਾਲੇ 5000 ਪਿੰਡਾਂ ਅਤੇ 100 ਸ਼ਹਿਰਾਂ/ਕਸਬਿਆਂ ਨੂੰ ਖੁੱਲ੍ਹੇ ਵਿੱਚ ਸ਼ੌਚ ਤੋਂ ਮੁਕਤ ਕਰਨਾ।
4. ਗੰਗਾ ਦੀਆਂ ਸਾਰੀਆਂ ਸਹਾਇਕ ਨਦੀਆਂ ਵਿੱਚ ਆਉਣ ਵਾਲੇ ਪ੍ਰਦੂਸ਼ਣ ਨੂੰ ਰੋਕਣ ਲਈ ਸਮੁੱਚੇ ਯਤਨ ਕੀਤੇ ਜਾਣਾ।



ਕੇਂਦਰੀ ਜਲ ਸ਼ਕਤੀ ਮੰਤਰਾਲੇ, ਨਦੀ ਵਿਕਾਸ ਅਤੇ 'ਗੰਗਾ ਕਾਇਆਕਲਪ' ਦੀ ਹੈ। ਇਸ ਯੋਜਨਾ ਦੇ ਤਹਿਤ ਕਾਰਜਾਂ ਨੂੰ ਅਲੱਗ-ਅਲੱਗ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ। ਛੋਟੀ ਮਿਆਦ ਦੇ ਕਾਰਜਾਂ ਲਈ 5 ਅਤੇ ਵੱਡੀ ਮਿਆਦ ਦੇ ਕਾਰਜਾਂ ਲਈ 10 ਸਾਲ ਦੀ ਸਮਾਂ-ਸੀਮਾ ਤੈਅ ਕੀਤੀ ਗਈ ਹੈ।

### ਅਜੇ ਤੱਕ ਇੰਨਾ ਖਰਚ...

ਨਮਾਮਿ ਗੰਗੇ ਯੋਜਨਾ ਦੇ ਪਹਿਲੇ ਤਿੰਨ ਸਾਲਾਂ (2014-15 ਤੋਂ 2016-17) ਵਿੱਚ 3673 ਕਰੋੜ ਰੁਪਏ ਦੀ ਕੁੱਲ ਧਨਰਾਸ਼ੀ ਖਰਚ ਹੋਈ। ਜਦਕਿ 2019-20 ਵਿੱਚ 20 ਹਜ਼ਾਰ ਕਰੋੜ ਰੁਪਏ ਖਰਚ ਕਰਨ ਦੀ ਕੇਂਦਰ ਸਰਕਾਰ ਦੀ ਪ੍ਰਸਤਾਵਿਤ ਯੋਜਨਾ ਨੂੰ ਪ੍ਰਵਾਨਗੀ ਦੇ ਨਾਲ ਕੇਂਦਰੀ ਯੋਜਨਾ ਦਾ ਰੂਪ ਦਿੱਤਾ ਗਿਆ। ਉੱਥੇ ਹੀ ਨਮਾਮਿ ਗੰਗੇ ਤਹਿਤ ਹੁਣ ਤੱਕ ਸੀਵੇਜ ਸੰਰਚਨਾ, ਉਦਯੋਗਿਕ ਪ੍ਰਦੂਸ਼ਣ ਕੰਟਰੋਲ, ਨਦੀ ਤਟ, ਘਾਟ ਅਤੇ ਮੁਕਤੀ ਧਾਮਾਂ ਦੇ ਵਿਕਾਸ ਦੇ ਲਈ 22,273 ਕਰੋੜ ਰੁਪਏ ਦੀ ਲਾਗਤ ਨਾਲ ਕੁੱਲ 230 ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ।

## ਨਮਾਮਿ ਗੰਗੇ ਮਿਸ਼ਨ ਨਾਲ ਨਿਰਮਲ ਅਤੇ ਅਵਿਰਲ ਗੰਗਾ ਲਈ ਉੱਤਰਾਖੰਡ ਵਿੱਚ 6 ਵੱਡੇ ਪ੍ਰੋਜੈਕਟ ਸ਼ੁਰੂ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹਾਲ ਹੀ ਵਿੱਚ ਨਮਾਮਿ ਗੰਗੇ ਮਿਸ਼ਨ ਤਹਿਤ ਉੱਤਰਾਖੰਡ ਵਿੱਚ 6 ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ। ਪਿਛਲੇ 6 ਸਾਲ ਵਿੱਚ ਨਮਾਮਿ ਗੰਗੇ ਮਿਸ਼ਨ ਦੀ ਵਜ੍ਹਾ ਨਾਲ ਉੱਤਰਾਖੰਡ ਵਿੱਚ ਦੂਸ਼ਿਤ ਜਲ ਸ਼ੋਧਨ ਸਮਰੱਥਾ 2014 ਦੇ ਮੁਕਾਬਲੇ ਸਾਢੇ ਤਿੰਨ ਗੁਣਾ ਵਧ ਕੇ 214.5 ਮਿਲੀਅਨ ਲੀਟਰ ਪ੍ਰਤੀਦਿਨ (ਐੱਮਐੱਲਡੀ) ਹੋ ਜਾਵੇਗੀ। ਗੰਗਾ ਨਦੀ ਵਿੱਚ ਸਿੱਧੇ ਡਿੱਗਣ ਵਾਲੇ ਹਰਿਦੁਆਰ ਦੇ 20 ਨਾਲ਼ਿਆਂ ਸਮੇਤ ਦੇਸ਼ ਭਰ ਵਿੱਚ 130 ਨਾਲ਼ਿਆਂ ਨੂੰ ਬੰਦ ਕੀਤਾ ਗਿਆ। ਚੰਦਰਸ਼ਵਰ ਨਗਰ ਦੇ ਨਾਲ਼ੇ ਤੋਂ ਡਿੱਗਣ ਵਾਲੀ ਗੰਦਗੀ ਦੀ ਵਜ੍ਹਾ ਨਾਲ ਰਿਸ਼ੀਕੇਸ਼ ਵਿੱਚ ਮੁਨੀ ਕੀ ਰੇਤੀ ਅਤੇ ਨੌਕਾਯਾਨ ਆਨੰਦ ਦੇ ਲਈ ਆਉਣ ਵਾਲਿਆਂ ਨੂੰ ਪਰੇਸ਼ਾਨੀ ਹੁੰਦੀ ਸੀ। ਇੱਥੇ ਨਾ ਸਿਰਫ਼ ਇਹ ਨਾਲ਼ਾ ਬੰਦ ਕੀਤਾ ਗਿਆ ਬਲਕਿ ਚਾਰ ਮੰਜ਼ਿਲਾ ਸੀਵਰੇਜ ਟ੍ਰੀਟਮੈਂਟ ਪਲਾਂਟ ਲਗਾਇਆ ਗਿਆ।

ਨਮਾਮਿ ਗੰਗੇ ਮਿਸ਼ਨ ਤਹਿਤ ਹਰਿਦੁਆਰ, ਰਿਸ਼ੀਕੇਸ਼, ਬਦਰੀਨਾਥ ਅਤੇ ਮੁਨੀ ਕੀ ਰੇਤੀ ਵਿੱਚ ਸੀਵੇਜ ਟ੍ਰੀਟਮੈਂਟ ਪਲਾਂਟ ਅਤੇ ਆਪਣੀ ਤਰ੍ਹਾਂ ਦੇ ਪਹਿਲੇ ਗੰਗਾ ਨਦੀ ਅਜਾਇਬ ਘਰ 'ਗੰਗਾ ਅਵਲੋਕਨ' ਦਾ ਉਦਘਾਟਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀਡੀਓ ਕਾਨਫਰੰਸਿੰਗ ਜ਼ਰੀਏ ਕੀਤਾ।

ਗੰਗਾ ਨਦੀ ਨੂੰ ਸਵੱਛ ਰੱਖਣ ਦੀ ਜ਼ਰੂਰਤ ਨੂੰ ਲੈ ਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਗੰਗਾ ਨਦੀ ਆਪਣੇ ਜਨਮ ਸਥਾਨ ਉੱਤਰਾਖੰਡ ਤੋਂ ਲੈ ਕੇ ਆਪਣੇ ਆਖਰੀ ਪੜਾਅ ਪੱਛਮ ਬੰਗਾਲ ਤੱਕ ਦੇਸ਼ ਦੀ ਲਗਭਗ 50% ਆਬਾਦੀ ਦੇ ਜੀਵਨ ਵਿੱਚ ਅਹਿਮ ਭੂਮਿਕਾ ਅਦਾ ਕਰਦੀ ਹੈ। ਜਿਸ ਪ੍ਰਕਾਰ ਪ੍ਰਯਾਗਰਾਜ ਕੁੰਭ ਵਿੱਚ ਸ਼ਰਧਾਲੂਆਂ ਨੇ ਸਵੱਛ ਗੰਗਾ ਦਾ ਅਨੁਭਵ ਕੀਤਾ, ਸਾਡੀ ਕੋਸ਼ਿਸ਼ ਹੈ ਕਿ ਉਸੇ ਤਰ੍ਹਾਂ ਹਰਿਦੁਆਰ ਦੇ ਕੁੰਭ ਵਿੱਚ ਆਉਣ ਵਾਲੇ ਸ਼ਰਧਾਲੂ ਨਿਰੰਤਰ ਅਤੇ ਨਿਰਮਲ ਗੰਗਾ ਨਦੀ ਦੇ ਦਰਸ਼ਨ ਕਰਨ। ਗੰਗਾ ਵਿਹਾਰ ਲਈ ਆਧੁਨਿਕ ਰਿਵਰ ਫ੍ਰੰਟ ਬਣਾਇਆ ਜਾ ਰਿਹਾ ਹੈ ਜਿਸ ਵਿੱਚ ਹਰਿਦੁਆਰ ਵਿੱਚ ਰਿਵਰ ਫ੍ਰੰਟ ਬਣ ਕੇ ਤਿਆਰ ਹੈ। ●




# ਭਾਰਤ ਦੇ ਪਾਸ ਹੁਣ ਐਂਟੀ-ਰੇਡੀਏਸ਼ਨ ਮਿਜ਼ਾਈਲ ਵੀ

**"ਆਧੁਨਿਕ ਅਤੇ ਆਤਮਨਿਰਭਰ ਭਾਰਤ ਦੇ ਨਿਰਮਾਣ ਲਈ ਲਾਜ਼ਮੀ ਹੈ ਕਿ ਰੱਖਿਆ ਖੇਤਰ ਵਿੱਚ ਆਤਮਵਿਸ਼ਵਾਸ ਦੀ ਭਾਵਨਾ ਜ਼ਰੂਰੀ ਹੋਵੇ।" ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਰੱਖੇ ਗਏ ਇਸੇ ਟੀਚੇ ਨੂੰ ਪੂਰਾ ਕਰਨ ਦੀ ਦਿਸ਼ਾ ਵਿੱਚ ਭਾਰਤ ਲਗਾਤਾਰ ਕਦਮ ਅੱਗੇ ਵਧਾ ਰਿਹਾ ਹੈ। ਇਸੇ ਕੜੀ ਵਿੱਚ ਸਵਦੇਸ਼ੀ ਹਾਈ ਸਪੀਡ ਡ੍ਰੋਨ-ਅਭਯਾਸ, ਸੁਪਰਸੋਨਿਕ ਐਂਟੀ ਸ਼ਿਪ ਮਿਜ਼ਾਈਲ-ਸਮਾਰਟ ਅਤੇ ਕਰੂਜ਼ ਮਿਜ਼ਾਈਲ ਬ੍ਰਹਮੋਸ ਦੇ ਨਵੇਂ ਐਡੀਸ਼ਨ ਨਾਲ ਪਹਿਲੀ ਐਂਟੀ ਰੇਡੀਏਸ਼ਨ ਮਿਜ਼ਾਈਲ ਰੁਦ੍ਰਮ ਦਾ ਸਫਲ ਪਰੀਖਣ...**

### ਰੁਦ੍ਰਮ : ਦੇਸ਼ ਦੀ ਪਹਿਲੀ ਐਂਟੀ-ਰੇਡੀਏਸ਼ਨ ਮਿਜ਼ਾਈਲ

- ਭਾਰਤ ਨੇ 9 ਅਕਤੂਬਰ ਨੂੰ ਦੇਸ਼ ਦੀ ਪਹਿਲੀ ਐਂਟੀ-ਰੇਡੀਏਸ਼ਨ ਮਿਜ਼ਾਈਲ ਰੁਦ੍ਰਮ ਦਾ ਸਫਲ ਪਰੀਖਣ ਕੀਤਾ। ਡੀਆਰਡੀਓ ਦੁਆਰਾ ਬਣਾਈ ਗਈ ਇਹ ਮਿਜ਼ਾਈਲ ਸੁਖੋਈ-30 ਐੱਮਕੇਵਾਈ ਜਹਾਜ਼ ਨਾਲ ਲਾਂਚ ਕੀਤੀ ਗਈ।
- ਇਹ ਹਵਾ ਤੋਂ ਸਤਹ 'ਤੇ ਮਾਰ ਕਰਦੀ ਹੈ। ਇੱਕ ਵਾਰ ਟਾਰਗੈਟ ਲੌਕ ਹੋ ਜਾਣ ਦੇ ਬਾਅਦ ਇਹ ਹਰ ਸਥਿਤੀ ਵਿੱਚ ਉਸ ਨੂੰ ਨਿਸ਼ਾਨਾ ਬਣਾਉਣ ਦੇ ਸਮਰੱਥ ਹੈ।
- ਰੁਦ੍ਰਮ ਰੇਡੀਓ ਫ੍ਰੀਕੁਐਂਸੀ ਦੀ ਵਰਤੋਂ ਕਰਨ ਵਾਲੇ ਦੁਸ਼ਮਣ ਦੇ ਕਿਸੇ ਵੀ ਤਰ੍ਹਾਂ ਦੇ ਰਾਡਾਰ ਅਤੇ ਏਅਰ ਡਿਫੈਂਸ ਸਿਸਟਮ ਨੂੰ ਤਬਾਹ ਕਰ ਸਕਦੀ ਹੈ। ਦੁਨੀਆ ਵਿੱਚ ਅਜੇ ਤੱਕ ਸਿਰਫ਼ ਅਮਰੀਕਾ, ਰੂਸ, ਬ੍ਰਿਟੇਨ, ਚੀਨ ਅਤੇ ਇਰਾਨ ਦੇ ਪਾਸ ਇਸ ਤਰ੍ਹਾਂ ਦੀ ਮਿਜ਼ਾਈਲ ਹੈ।

### ਸਮਾਰਟ : ਪਣਡੁੱਬੀ ਰੋਧੀ ਜੰਗ ਵਿੱਚ ਕਈ ਗੁਣਾ ਵਧੇਗੀ ਤਾਕਤ



- ਸਰਹੱਦ 'ਤੇ ਮਿਲ ਰਹੀਆਂ ਲਗਾਤਾਰ ਚੁਣੌਤੀਆਂ ਨੂੰ ਦੇਖਦੇ ਹੋਏ ਭਾਰਤ ਆਪਣੀਆਂ ਮਿਲਟਰੀ ਸਮਰੱਥਾਵਾਂ ਵਿੱਚ ਲਗਾਤਾਰ ਇਜ਼ਾਫਾ ਕਰ ਰਿਹਾ ਹੈ। ਇਸੇ ਕ੍ਰਮ ਵਿੱਚ 5 ਅਕਤੂਬਰ ਨੂੰ ਓਡੀਸ਼ਾ ਦੇ ਸਮੁੰਦਰੀ ਤਟ 'ਤੇ ਸੁਪਰਸੋਨਿਕ ਮਿਜ਼ਾਈਲ ਅਸਿਸਟੇਡ ਰਿਲੀਜ਼ ਆਵ੍ ਟਾਰਪੀਡੋ (ਸਮਾਰਟ) ਦਾ ਸਫਲ ਪਰੀਖਣ ਕੀਤਾ ਗਿਆ। ਇਹ ਇੱਕ ਤਰ੍ਹਾਂ ਦੀ ਸੁਪਰਸੋਨਿਕ ਪਣਡੁੱਬੀ ਰੋਧੀ ਮਿਜ਼ਾਈਲ ਹੈ। ਇਸ ਦੇ ਨਾਲ ਇੱਕ ਘੱਟ ਵਜ਼ਨ ਦਾ ਟਾਰਪੀਡੋ ਲਗਿਆ ਹੈ ਜਿਸ ਦੀ ਵਰਤੋਂ ਪੇਲੋਡ ਦੀ ਤਰ੍ਹਾਂ ਕੀਤੀ ਜਾਂਦੀ ਹੈ। ਦੋਵੇਂ ਮਿਲ ਕੇ ਇਸ ਨੂੰ ਇੱਕ ਪਣਡੁੱਬੀ ਰੋਧੀ ਮਿਜ਼ਾਈਲ ਬਣਾਉਂਦੇ ਹਨ। ਯਾਨੀ ਇਸ ਵਿੱਚ ਮਿਜ਼ਾਈਲ ਦੇ ਫੀਚਰ ਵੀ ਹਨ ਅਤੇ ਪਣਡੁੱਬੀ ਨਸ਼ਟ ਕਰਨ ਦੀ ਸਮਰੱਥਾ ਵੀ।
- ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀਆਰਡੀਓ) ਦੇ ਚੇਅਰਮੈਨ ਡਾ. ਜੀ. ਸਤੀਸ਼ ਰੈੱਡੀ ਨੇ ਇਸ ਨੂੰ ਗੇਮਚੇਂਜਰ ਦੱਸਿਆ ਹੈ। ਆਪਣੇ ਪਰੀਖਣ ਦੌਰਾਨ ਇਸ ਨੇ ਰੇਂਜ ਅਤੇ ਨਿਰਧਾਰਿਤ ਉਚਾਈ ਤੱਕ ਉਡਾਣ, ਟਾਰਪੀਡੋ ਦੇ ਰਿਲੀਜ਼ ਸਮੇਤ ਸਾਰੇ ਟੀਚਿਆਂ ਨੂੰ ਹਾਸਲ ਕੀਤਾ।

### ਬ੍ਰਹਮੋਸ : ਸਭ ਤੋਂ ਤੇਜ਼ ਸੁਪਰਸੋਨਿਕ ਕਰੂਜ਼ ਮਿਜ਼ਾਈਲ

30 ਸਤੰਬਰ ਨੂੰ ਡੀਆਰਡੀਓ ਨੇ ਸਤਹ ਤੋਂ ਸਤਹ 'ਤੇ ਮਾਰ ਕਰਨ ਵਾਲੀ ਬ੍ਰਹਮੋਸ ਸੁਪਰਸੋਨਿਕ ਕਰੂਜ਼ ਮਿਜ਼ਾਈਲ ਦਾ ਸਫਲ ਪਰੀਖਣ ਕੀਤਾ। ਇਹ ਬ੍ਰਹਮੋਸ ਸੁਪਰਸੋਨਿਕ ਮਿਜ਼ਾਈਲ ਦੇ ਉੱਨਤ ਵਰਜ਼ਨ ਦਾ ਦੂਜਾ ਸਫਲ ਪਰੀਖਣ ਹੈ ਜੋ ਸਵਦੇਸ਼ ਵਿੱਚ ਵਿਕਸਿਤ ਏਅਰਫਰੇਮ ਅਤੇ ਬੂਸਟਰ ਨਾਲ ਲੈਸ ਹੈ।

**ਅਭਯਾਸ : ਹਾਈ ਸਪੀਡ ਡ੍ਰੋਨ...** ਰੱਖਿਆ ਖੇਤਰ ਵਿੱਚ ਨਿਰੰਤਰ ਉਪਲੱਬਧੀਆਂ ਦੀ ਦਿਸ਼ਾ ਵਿੱਚ ਡੀਆਰਡੀਓ ਦੁਆਰਾ 22 ਸਤੰਬਰ ਨੂੰ ਹਾਈ-ਸਪੀਡ ਐਕਸਪੈਂਡੇਬਲ ਏਰੀਅਲ ਟਾਰਗੈਟ (ਹੀਟ)- ਅਭਯਾਸ ਦਾ ਸਫਲ ਪਰੀਖਣ ਕੀਤਾ ਗਿਆ। ਅਭਯਾਸ ਹਾਈ-ਸਪੀਡ ਡ੍ਰੋਨ ਹੈ। ਇਸ ਦੀ ਵਰਤੋਂ ਅਲੱਗ-ਅਲੱਗ ਤਰੀਕੇ ਦੀ ਮਿਜ਼ਾਈਲ ਅਤੇ ਏਅਰਕ੍ਰਾਫਟਸ ਦਾ ਪਤਾ ਲਗਾਉਣ ਲਈ ਹੋ ਸਕਦੀ ਹੈ। ●



# ਮੇਰੀ ਸੰਪਤੀ, ਮੇਰਾ ਹੱਕ

## ਗ੍ਰਾਮੀਣਾਂ ਨੂੰ ਮਿਲਿਆ ਰਿਹਾਇਸ਼ੀ ਸੰਪਤੀ ਦਾ ਕਾਨੂੰਨੀ ਹੱਕ

**ਕੋਰੋਨਾ ਕਾਲ ਵਿੱਚ ਹੀ ਸ਼ੁਰੂ ਹੋਈ ਯੋਜਨਾ ਕਿਵੇਂ ਉਸੇ ਦੌਰ ਵਿੱਚ ਸਾਕਾਰ ਹੋ ਰਹੀ ਹੈ, ਇਸ ਦੀ ਅਦਭੁਤ ਮਿਸਾਲ ਬਣੀ ਸਵਾਮਿਤਵ ਯੋਜਨਾ। ਭੂਮੀ ਰਿਕਾਰਡ ਦਾ ਡਿਜੀਟਲੀਕਰਨ ਕਰਕੇ ਗ੍ਰਾਮੀਣ ਖੇਤਰਾਂ ਨੂੰ ਸਸ਼ਕਤ ਅਤੇ ਪਿੰਡ-ਗ਼ਰੀਬ ਨੂੰ ਆਤਮਨਿਰਭਰ ਬਣਾਉਣ ਦੀ ਦਿਸ਼ਾ ਵਿੱਚ ਕੇਂਦਰ ਸਰਕਾਰ ਨੇ ਉਠਾਇਆ ਕ੍ਰਾਂਤੀਕਾਰੀ ਕਦਮ। ਛੇ ਰਾਜਾਂ ਦੇ 763 ਪਿੰਡਾਂ ਵਿੱਚ 1 ਲੱਖ ਸੰਪਤੀ ਕਾਰਡਾਂ ਦੀ ਕੀਤੀ ਗਈ ਵੰਡ**

ਭਾਰਤ ਰਤਨ ਅਤੇ ਪਿੰਡਾਂ ਨੂੰ ਆਤਮਨਿਰਭਰ ਬਣਾਉਣ ਦੇ ਮੋਢੀ ਨਾਨਾਜੀ ਦੇਸ਼ਮੁਖ ਨੇ ਕਿਹਾ ਸੀ ਕਿ ਪਿੰਡਾਂ ਦੇ ਲੋਕ ਵਿਵਾਦਾਂ ਵਿੱਚ ਫਸੇ ਰਹਿਣਗੇ ਤਾਂ ਨਾ ਆਪਣਾ ਵਿਕਾਸ ਕਰ ਸਕਣਗੇ ਅਤੇ ਨਾ ਹੀ ਸਮਾਜ ਦਾ। ਉਨ੍ਹਾਂ ਦੇ ਸੰਦੇਸ਼ਾਂ 'ਤੇ ਪਿਛਲੇ ਛੇ ਸਾਲ ਤੋਂ ਪਿੰਡਾਂ ਨੂੰ ਸਸ਼ਕਤ ਬਣਾਉਣ ਦੀ ਦਿਸ਼ਾ ਵਿੱਚ ਕਦਮ ਵਧਾ ਰਹੀ ਮੋਦੀ ਸਰਕਾਰ ਨੇ ਹੁਣ ਅਜਿਹੀ ਮੁਹਿੰਮ ਹੱਥ ਵਿੱਚ ਲਈ ਹੈ ਜਿਸ ਵੱਲ ਆਜ਼ਾਦੀ ਦੇ ਛੇ ਦਹਾਕਿਆਂ ਤੱਕ ਸਰਕਾਰਾਂ ਨੇ ਕੋਈ ਧਿਆਨ ਨਹੀਂ ਦਿੱਤਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਹਿੰਦੇ ਹਨ, ਮੈਨੂੰ ਵਿਸ਼ਵਾਸ ਹੈ, 'ਸਵਾਮਿਤਵ ਯੋਜਨਾ' ਸਾਡੇ ਪਿੰਡਾਂ ਵਿੱਚ ਅਨੇਕ ਵਿਵਾਦਾਂ ਨੂੰ ਖਤਮ ਕਰਨ ਦਾ ਬਹੁਤ ਵੱਡਾ ਜ਼ਰੀਆ ਬਣੇਗੀ।

ਦਰਅਸਲ, ਪਿੰਡਾਂ ਵਿੱਚ ਭੂਮੀ ਦੀ ਸੀਮਾ ਦਾ ਨਿਰਧਾਰਨ ਨਾ ਹੋਣ ਨਾਲ ਸੰਪਤੀ ਨੂੰ ਲੈ ਕੇ ਝਗੜੇ ਹੁੰਦੇ ਰਹਿੰਦੇ ਹਨ। ਵਜ੍ਹਾ ਇਹ ਸੀ ਕਿ ਸਰਕਾਰੀ ਲੇਖਾ-ਜੋਖਾ ਜਾਂ ਰਿਕਾਰਡ ਗ੍ਰਾਮੀਣਾਂ ਕੋਲ ਨਹੀਂ ਹੁੰਦਾ। ਕੇਂਦਰ ਸਰਕਾਰ ਨੇ

> **"ਹੁਣ ਤੁਸੀਂ ਵਿਸ਼ਵਾਸ ਨਾਲ ਕਹਿ ਸਕਦੇ ਹੋ ਕਿ ਇਹ ਪ੍ਰਾਪਰਟੀ ਤੁਹਾਡੀ ਹੈ। ਆਤਮਨਿਰਭਰ ਭਾਰਤ ਅਭਿਯਾਨ ਵਿੱਚ ਸਵਾਮਿਤਵ ਯੋਜਨਾ, ਪਿੰਡਾਂ ਵਿੱਚ ਇਤਿਹਾਸਿਕ ਪਰਿਵਰਤਨ ਲਿਆਵੇਗੀ। ਦੇਸ਼ ਨੇ ਠਾਨ ਲਿਆ ਹੈ ਕਿ ਪਿੰਡ ਅਤੇ ਗ਼ਰੀਬ ਨੂੰ ਆਤਮਨਿਰਭਰ ਬਣਾਉਣਾ ਹੈ। ਇਸ ਸੰਕਲਪ ਸਿੱਧੀ ਲਈ ਸਵਾਮਿਤਵ ਯੋਜਨਾ ਦੀ ਭੂਮਿਕਾ ਬਹੁਤ ਵੱਡੀ ਹੈ। ਬੈਂਕਾਂ ਤੋਂ ਲੋਨ ਲੈ ਕੇ ਪਿੰਡਾਂ ਵਿੱਚ ਹੀ ਹੁਣ ਆਪਣਾ ਕੰਮ ਧੰਦਾ ਸ਼ੁਰੂ ਕਰ ਸਕਦੇ ਹਨ। ਪਿੰਡਾਂ ਵਿੱਚ ਰੋਜਗਾਰ ਦੇ ਸਾਧਨ ਵਧਣਗੇ ਅਤੇ ਪਿੰਡ ਦੇ ਲੋਕ ਹੋਰ ਜ਼ਿਆਦਾ ਸੰਪੰਨ ਹੋ ਸਕਣਗੇ।**
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ"**

# ਕੀ ਹੈ ਸਵਾਮਿਤਵ ਯੋਜਨਾ

ਕੇਂਦਰ ਸਰਕਾਰ ਦੀ ਅਪ੍ਰੈਲ, 2020 ਵਿੱਚ ਸ਼ੁਰੂ ਕੀਤੀ ਗਈ ਸਵਾਮਿਤਵ ਯੋਜਨਾ ਵਿੱਚ ਪਿੰਡ ਦੀ ਹਰ ਰਿਹਾਇਸ਼ੀ ਸੰਪਤੀ ਦੀ ਡ੍ਰੋਨ ਨਾਲ ਪੈਮਾਇਸ਼ ਹੋਵੇਗੀ। ਪਿੰਡ ਦੇ ਅੰਦਰ ਦੀ ਹਰ ਰਿਹਾਇਸ਼ੀ ਜ਼ਮੀਨ ਦਾ ਡਿਜੀਟਲ ਨਕਸ਼ਾ ਬਣੇਗਾ ਜਿਸ ਵਿੱਚ ਡ੍ਰੋਨ ਤਕਨੀਕ ਨਾਲ ਨਾਪ ਕੇ ਇਹ ਦਰਜ ਹੋਵੇਗਾ ਕਿ ਘਰ ਦਾ ਸਾਈਜ਼ ਕੀ ਹੈ। ਪਿੰਡ ਅਤੇ ਹਰ ਰੈਵਿਨਿਊ ਬਲਾਕ ਦੀ ਸੀਮਾਬੰਦੀ ਹੋਵੇਗੀ। ਇਹ ਸਾਰਾ ਰਿਕਾਰਡ, ਅਭਿਲੇਖ (ਰਿਕਾਰਡ) ਰਜਿਸਟਰ ਵਿੱਚ ਪੂਰੇ ਬਿਓਰੇ ਨਾਲ ਦਰਜ ਹੋਵੇਗਾ। ਇਹ ਪੂਰਾ ਰਿਕਾਰਡ ਮਾਲੀਆ ਵਿਭਾਗ ਅਤੇ ਹੋਰ ਸਬੰਧਿਤ ਵਿਭਾਗ ਦੇ ਸਥਾਨਕ ਸਰਕਾਰੀ ਪ੍ਰਤੀਨਿਧੀ ਦਰਜ ਕਰਨਗੇ। ਜਿਨ੍ਹਾਂ ਪਿੰਡਾਂ ਦਾ ਰਿਕਾਰਡ ਜਦੋਂ-ਜਦੋਂ ਤਿਆਰ ਹੁੰਦਾ ਜਾਵੇਗਾ, ਗ੍ਰਾਮੀਣਾਂ ਨੂੰ ਉਨ੍ਹਾਂ ਦੇ ਘਰ ਦਾ ਸੰਪਤੀ ਪੱਤਰ ਔਨਲਾਈਨ ਡਾਊਨਲੋਡ ਕਰਨ ਦੀ ਸੁਵਿਧਾ ਹੋਵੇਗੀ ਅਤੇ ਰਾਜ ਸਰਕਾਰਾਂ ਉਸ ਦੀ ਕਾਪੀ ਵੀ ਦੇਣਗੀਆਂ।

## ਯੋਜਨਾ ਦੀ ਜ਼ਰੂਰਤ ਕਿਉਂ ਪਈ

ਦੇਸ਼ ਵਿੱਚ ਅੰਗਰੇਜ਼ਾਂ ਦੇ ਸਮੇਂ ਤੋਂ ਹੀ ਪਿੰਡ ਵਿੱਚ ਖੇਤੀਬਾੜੀ ਜ਼ਮੀਨ ਦਾ ਰਿਕਾਰਡ ਤਾਂ ਰੱਖਿਆ ਗਿਆ, ਲੇਕਿਨ ਘਰਾਂ ਦੀ ਸੰਪਤੀ 'ਤੇ ਧਿਆਨ ਨਹੀਂ ਦਿੱਤਾ ਗਿਆ। ਕਈ ਅਜਿਹੇ ਰਾਜ ਹਨ ਜਿੱਥੇ ਪਿੰਡ ਦੀ ਰਿਹਾਇਸ਼ੀ ਸੰਪਤੀ ਦਾ ਸਰਵੇ ਜਾਂ ਮੈਪਿੰਗ ਸਵਾਮਿਤਵ ਵੈਰੀਫਿਕੇਸ਼ਨ ਦੇ ਲਈ ਨਹੀਂ ਕਰਵਾਏ ਗਏ। ਇਸ ਦੀ ਵਜ੍ਹਾ ਨਾਲ ਲੋਕਾਂ ਦੇ ਪਾਸ ਉਨ੍ਹਾਂ ਦਾ ਘਰ ਹੈ, ਲੇਕਿਨ ਉਨ੍ਹਾਂ ਦੇ ਪਾਸ ਕੋਈ ਕਾਨੂੰਨੀ ਸਵਾਮਿਤਵ (ਮਲਕੀਅਤ) ਦੇ ਕਾਗਜ਼ ਨਹੀਂ ਹਨ।

### ਪ੍ਰਾਪਰਟੀ ਕਾਰਡ ਨਾਲ ਕੀ ਲਾਭ ਹੋਣਗੇ

- **ਪਰਿਵਾਰ ਨੂੰ ਲਾਭ :** ਸੰਪਤੀ ਕਾਰਡ ਨਾਲ ਪਿੰਡ ਦੇ ਲੋਕਾਂ ਨੂੰ ਬਿਨਾ ਕਿਸੇ ਵਿਵਾਦ ਦੇ ਪ੍ਰਾਪਰਟੀ ਖਰੀਦਣ ਅਤੇ ਵੇਚਣ ਦਾ ਰਸਤਾ ਸਾਫ਼ ਹੋਵੇਗਾ। ਪ੍ਰਾਪਰਟੀ ਕਿੰਨੀ ਹੈ, ਇਹ ਤੈਅ ਹੋਣ 'ਤੇ ਕੀਮਤ ਅਸਾਨੀ ਨਾਲ ਤੈਅ ਕਰ ਸਕਣਗੇ। ਘਰ 'ਤੇ ਕਬਜ਼ੇ ਦਾ ਡਰ ਰਹਿੰਦਾ ਸੀ, ਉਸ ਤੋਂ ਮੁਕਤ ਹੋ ਜਾਣਗੇ। ਐਵੇਂ ਹੀ ਕੋਈ ਵੀ ਆ ਕੇ ਝੂਠੇ ਕਾਗਜ਼ ਦਿਖਾ ਕੇ ਆਪਣਾ ਹੱਕ ਨਹੀਂ ਜਤਾ ਸਕੇਗਾ। ਪ੍ਰਾਪਰਟੀ ਕਾਰਡ ਮਿਲਣ ਦੇ ਬਾਅਦ ਪਿੰਡ ਦੇ ਘਰਾਂ 'ਤੇ ਵੀ ਬੈਂਕ ਲੋਨ ਅਸਾਨੀ ਨਾਲ ਮਿਲ ਸਕਣਗੇ।
- **ਪਿੰਡ ਨੂੰ ਲਾਭ :** ਹੁਣ ਪਿੰਡ ਵਿੱਚ ਸਕੂਲ, ਹਸਪਤਾਲ, ਬਜ਼ਾਰ ਜਾਂ ਦੂਜੀਆਂ ਜਨਤਕ ਸੁਵਿਧਾਵਾਂ ਕਿੱਥੇ ਹੋਣਗੀਆਂ, ਇਸ ਦਾ ਫੈਸਲਾ ਪਿੰਡ ਦਾ ਪ੍ਰਧਾਨ ਜਾਂ ਕੋਈ ਦਬੰਗ ਆਪਣੇ ਲਾਭ ਦੇ ਹਿਸਾਬ ਨਾਲ ਜਿੱਥੇ ਚਾਹੇ ਨਹੀਂ ਕਰਵਾ ਸਕੇਗਾ। ਕਾਗਜ਼ 'ਤੇ ਪੂਰਾ ਨਕਸ਼ਾ ਤਿਆਰ ਮਿਲੇਗਾ ਜਿਸ ਨਾਲ ਕਿਹੜੀ ਚੀਜ਼ ਕਿੱਥੇ ਬਣੇਗੀ, ਅਸਾਨੀ ਨਾਲ ਤੈਅ ਕੀਤਾ ਜਾ ਸਕੇਗਾ। ਵਿਵਾਦ ਨਹੀਂ ਹੋਣਗੇ। ਸਟੀਕ ਲੈਂਡ ਰਿਕਾਰਡ ਦੀ ਵਜ੍ਹਾ ਨਾਲ ਪਿੰਡ ਦੇ ਵਿਕਾਸ ਨਾਲ ਜੁੜੇ ਸਾਰੇ ਕੰਮ ਬੜੀ ਅਸਾਨੀ ਨਾਲ ਹੋਣਗੇ।

### ਪ੍ਰਮੁੱਖ ਉਦੇਸ਼ ਅਤੇ ਉਪਲੱਬਧੀਆਂ

- ਪਿੰਡ ਵਿਕਾਸ ਵਿੱਚ ਸਵਾਮਿਤਵ ਯੋਜਨਾ ਸਹਾਇਕ ਹੋਵੇਗੀ। ਅਪ੍ਰੈਲ, 2024 ਤੱਕ ਸਾਰੇ 6.62 ਲੱਖ ਪਿੰਡਾਂ ਨੂੰ ਸਵਾਮਿਤਵ ਯੋਜਨਾ ਦੇ ਤਹਿਤ ਕਵਰ ਕੀਤਾ ਜਾਵੇਗਾ।
- ਭਵਿੱਖ ਵਿੱਚ ਪੰਚਾਇਤ ਨੂੰ ਆਪਣੇ ਖੇਤਰ ਦੀ ਉੱਨਤੀਸ਼ੀਲ ਦੂਰਗਾਮੀ ਯੋਜਨਾ ਬਣਾਉਣ ਲਈ ਅਧਾਰ ਮਿਲੇਗਾ।
- ਪਾਇਲਟ ਪ੍ਰੋਜੈਕਟ ਦੇ ਪੜਾਅ ਵਿੱਚ ਹਰਿਆਣਾ, ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਰਾਜਾਂ ਦੇ 763 ਪਿੰਡਾਂ ਦੇ 1 ਲੱਖ ਲਾਭਾਰਥੀਆਂ ਨੂੰ ਮਾਲਕੀ ਹੱਕ ਵਾਲਾ ਸੰਪਤੀ ਕਾਰਡ ਦਿੱਤਾ ਗਿਆ ਹੈ।
- ਪੰਚਾਇਤੀ ਰਾਜ ਮੰਤਰਾਲੇ ਅਤੇ ਰਾਜ ਸਰਕਾਰਾਂ ਦੇ ਸਹਿਯੋਗ ਨਾਲ ਸਰਵੇਖਣ ਦਾ ਕੰਮ ਭਾਰਤੀ ਸਰਵੇਖਣ ਵਿਭਾਗ ਕਰ ਰਿਹਾ ਹੈ। ਪੰਜਾਬ ਅਤੇ ਰਾਜਸਥਾਨ ਵਿੱਚ 101 ਕੰਟੀਨਿਊਅਸ ਅਪਰੇਟਿੰਗ ਸਿਸਟਮ (CORS) ਸਟੇਸ਼ਨ ਲਗਾਏ ਜਾ ਰਹੇ ਹਨ। ਦੇਸ਼ ਭਰ ਵਿੱਚ 300 ਸਟੇਸ਼ਨ ਬਣਨਗੇ। ਕਿਸੇ ਸਥਾਨ ਦਾ ਸਟੀਕ ਨਿਰਧਾਰਨ ਇਸ ਨਾਲ ਹੋ ਸਕੇਗਾ, ਮੁੜ ਸਰਵੇਖਣ ਦੀ ਸੁਵਿਧਾ ਰਹੇਗੀ।
- ਸ਼ਹਿਰੀ ਹਵਾਬਾਜ਼ੀ ਮੰਤਰਾਲੇ ਦੇ ਵਿਸ਼ੇਸ਼ ਸਹਿਯੋਗ ਨਾਲ ਡ੍ਰੋਨ ਨਾਲ ਸਰਵੇਖਣ ਦੀ ਆਗਿਆ ਮਿਲੀ। ਸਾਰੀਆਂ ਪ੍ਰਕਿਰਿਆਵਾਂ ਨੂੰ ਸਵਾਮਿਤਵ ਦੇ ਡੈਸ਼ਬੋਰਡ ਨਾਲ ਚਲਾਇਆ ਜਾ ਰਿਹਾ ਹੈ।
- ਅਗਲੇ 6-7 ਮਹੀਨਿਆਂ ਵਿੱਚ ਸਰਵੇਖਣ ਕਾਰਜ ਨੂੰ ਤੇਜ਼ ਗਤੀ ਨਾਲ ਅੱਗੇ ਵਧਾਇਆ ਜਾਵੇਗਾ। ਕਰੀਬ 50 ਲੱਖ ਸੰਪਤੀ ਧਾਰਕਾਂ ਨੂੰ ਜ਼ਮੀਨ ਦਾ ਮਾਲਕੀ ਹੱਕ ਪ੍ਰਦਾਨ ਕੀਤਾ ਜਾਵੇਗਾ।

ਪੰਚਾਇਤੀ ਰਾਜ ਦਿਵਸ 'ਤੇ ਇਸੇ ਸਾਲ 24 ਅਪ੍ਰੈਲ ਨੂੰ ਸਵਾਮਿਤਵ ਯੋਜਨਾ ਦੀ ਸ਼ੁਰੂਆਤ ਕੀਤੀ। ਇਸ ਦੇ ਪਾਇਲਟ ਪ੍ਰੋਜੈਕਟ ਵਿੱਚ ਇੱਕ ਲੱਖ ਪਰਿਵਾਰਾਂ ਨੂੰ ਉਨ੍ਹਾਂ ਦੀ ਸੰਪਤੀ ਦਾ ਕਾਰਡ ਹਾਲ ਹੀ ਵਿੱਚ ਦਿੱਤਾ ਗਿਆ। ਯੋਜਨਾ ਵਿੱਚ ਦੇਸ਼ ਦੇ ਹਰ ਪਿੰਡ ਦੀ ਸੰਪਤੀ ਅਤੇ ਸੀਮਾ ਦੀ ਡ੍ਰੋਨ ਨਾਲ ਮੈਪਿੰਗ ਦੇ ਬਾਅਦ ਮਲਕੀਅਤ ਦਾ ਪ੍ਰਮਾਣ ਪੱਤਰ ਦਿੱਤਾ ਜਾਵੇਗਾ। ਇਸ ਯੋਜਨਾ ਜ਼ਰੀਏ ਪਿੰਡ ਦੇ ਸਮਾਜਿਕ ਜੀਵਨ ਵਿੱਚ ਵੱਡਾ ਬਦਲਾਅ ਆਵੇਗਾ। ਹਰ ਛੋਟੀਆਂ-ਛੋਟੀਆਂ ਚੀਜ਼ਾਂ ਲਈ ਸ਼ਹਿਰ ਦਾ ਰੁਖ ਕਰਨ ਵਾਲੇ ਗ੍ਰਾਮੀਣਾਂ ਦੀ ਸਮੱਸਿਆ ਹੁਣ ਪਿੰਡ ਵਿੱਚ ਹੀ ਦੂਰ ਹੋ ਜਾਵੇਗੀ। ਬੈਂਕਾਂ ਤੋਂ ਲੋਨ ਲੈ ਕੇ ਪਿੰਡਾਂ ਵਿੱਚ ਹੀ ਹੁਣ ਆਪਣਾ ਕੰਮ-ਧੰਦਾ ਸ਼ੁਰੂ ਕਰ ਸਕਦੇ ਹਨ। ਪਿੰਡਾਂ ਵਿੱਚ ਰੋਜਗਾਰ ਦੇ ਸਾਧਨ ਵਧਣਗੇ ਅਤੇ ਪਿੰਡ ਦੇ ਲੋਕ ਹੋਰ ਜ਼ਿਆਦਾ ਸੰਪੰਨ ਹੋ ਸਕਣਗੇ। ●





# ਪਰੰਪਰਾ ਤੋੜਨ ਦੇ ਸਾਹਸ ਤੋਂ ਮਿਲਿਆ ਨਵਾਂ ਰਾਹ

**ਨਾਰੀਅਲ ਦੇ ਪੱਤੇ ਅਤੇ ਫੂਸ ਨਾਲ ਹੋ ਰਹੀਆਂ ਖੋਜਾਂ ਅਤੇ ਖੇਤੀ ਸਟਾਰਟ-ਅੱਪ ਆਤਮਨਿਰਭਰ ਭਾਰਤ ਦੇ ਸੰਕਲਪ ਨੂੰ ਦੇ ਰਹੇ ਹਨ ਨਵੀਂ ਦਿਸ਼ਾ**

## ਗਾਂ ਦੇ ਗੋਬਰ ਤੋਂ ਦੀਵੇ ਬਣਾਉਣ ਦੀ ਅਨੂਠੀ ਪਹਿਲ



ਸਨਾਤਨ ਧਰਮ ਵਿੱਚ ਗਾਂ ਦੇ ਗੋਬਰ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਦੀਵਾਲੀ ਦੇ ਤਿਉਹਾਰ ’ਤੇ ਵੀ ਗਾਂ ਦੇ ਗੋਬਰ ਨਾਲ ਲਿੱਪ ਕੇ ਸ਼ੁੱਧੀਕਰਨ ਦੀ ਪਰੰਪਰਾ ਰਹੀ ਹੈ। ਅਜਿਹੇ ਵਿੱਚ ਅਗਰ ਦੀਪ ਪੁਰਬ ’ਤੇ ਜਲਾਏ ਜਾਣ ਵਾਲੇ ਦੀਵੇ ਵੀ ਗਾਂ ਦੇ ਗੋਬਰ ਦੇ ਹੋਣ ਤਾਂ ਫਿਰ ਚੰਗਾ ਹੋਵੇਗਾ। ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ਵਿੱਚ ਸਥਿਤ ਪ੍ਰਸਿੱਧ ਤੀਰਥ ਮਾਤਾ ਬਾਲਾ ਸੁੰਦਰੀ ਦੀ ਗਊਸ਼ਾਲਾ ਨਾਲ ਮਿਲ ਕੇ ਸਥਾਨਕ ਪ੍ਰਸ਼ਾਸਨ ਅਤੇ ਪਸ਼ੂ-ਪਾਲਣ ਵਿਭਾਗ ਨੇ ਅਜਿਹੀ ਹੀ ਅਨੂਠੀ ਪਹਿਲ ਕੀਤੀ ਹੈ। ਇੱਥੇ ਗਾਂ ਦੇ ਗੋਬਰ ਤੋਂ ਦੀਵੇ ਬਣਾ ਕੇ ਉਨ੍ਹਾਂ ਨੂੰ ਡੱਬੇ ਵਿੱਚ ਪੈਕ ਕਰਕੇ ਵੇਚਿਆ ਜਾ ਰਿਹਾ ਹੈ। ਮੇਡ ਇਨ ਸਿਰਮੌਰ ਇਹ ਦੀਵੇ ਇਸ ਵਾਰ ਘਰਾਂ ਨੂੰ ਜਗਮਗਾਉਣਗੇ। ਇਸ ਅਨੂਠੀ ਪਹਿਲ ਦਾ ਫਾਇਦਾ ਇਹ ਹੋਇਆ ਕਿ ਗਾਂ ਦੇ ਗੋਬਰ ਦਾ ਸਦਉਪਯੋਗ ਹੋਣ ਲਗਿਆ ਅਤੇ ਨਾਲ ਹੀ ਸੈਲਫ ਹੈਲਪ ਗਰੁੱਪਾਂ ਨੂੰ ਇਸ ਨਾਲ ਜੋੜਨ ’ਤੇ ਮਹਿਲਾਵਾਂ ਨੂੰ ਆਜੀਵਿਕਾ ਦਾ ਸਾਧਨ ਮਿਲ ਗਿਆ। ਯਾਨੀ ਗਾਂ ਦੇ ਗੋਬਰ ਦੇ ਮੇਡ ਇਨ ਸਿਰਮੌਰ ਦੀਵੇ ਆਤਮਨਿਰਭਰਤਾ ਦੀ ਨਵੀਂ ਇਬਾਰਤ ਲਿਖ ਰਹੇ ਹਨ। ●

## ਹਾਈਡ੍ਰੋਪੋਨਿਕ ਪੱਧਤੀ ਨਾਲ ਉੱਨਤਸ਼ੀਲ ਖੇਤੀ ਦਾ ਅਨੋਖਾ ਸਟਾਰਟ-ਅੱਪ



ਜਦੋਂ ਖੇਤ-ਖਲਿਹਾਨ ਦਾ ਨਾਮ ਆਉਂਦਾ ਹੈ ਤਾਂ ਖੁੱਲ੍ਹੇ ਅਸਮਾਨ ਦੇ ਹੇਠ ਜ਼ਮੀਨ ਦੀ ਹਰਿਆਲੀ ਦੀ ਤਸਵੀਰ ਉੱਭਰਦੀ ਹੈ, ਲੇਕਿਨ ਹੁਣ ਬੰਦ ਕਮਰੇ ਵਿੱਚ ਵੀ ਖੇਤੀਬਾੜੀ ਦੀ ਅਜਿਹੀ ਤਸਵੀਰ ਸਾਹਮਣੇ ਆ ਰਹੀ ਹੈ ਜੋ ਨਵੇਂ-ਨਵੇਂ ਸਟਾਰਟ-ਅੱਪ ਜ਼ਰੀਏ ਸਾਕਾਰ ਹੋ ਰਿਹਾ ਹੈ। ਐੱਲਈਡੀ ਰੋਸ਼ਨੀ ਨਾਲ ਜਗਮਗ, 21 ਡਿਗਰੀ ਏਸੀ ਦੇ ਤਾਪਮਾਨ ਵਿੱਚ 2 ਹਜ਼ਾਰ ਲੀਟਰ ਪਾਣੀ ਦੇ ਪ੍ਰਵਾਹ ਦੇ ਸ਼ੋਰ ਦੇ ਦਰਮਿਆਨ ਇੱਕ ਵਿਸ਼ੇਸ਼ ਪ੍ਰਕਾਰ ਦੇ ਸਟੈਂਡ ’ਤੇ ਉੱਗੀ ਲਾਲ ਅਤੇ ਹਰੀ ਲੈਕਟਸ, ਪਾਰਸਲੀ, ਪਰਪਲ ਬੇਸਿਲ, ਮਾਈਕ੍ਰੋ ਗ੍ਰੀਨਸ, ਅਮੈਰੀਕਨ ਕੌਰਨ ਸਮੇਤ ਲਗਭਗ 12 ਤਰ੍ਹਾਂ ਦੀਆਂ ਹਰੀਆਂ ਸਬਜ਼ੀਆਂ ਅਜਿਹੇ ਹੀ ਸਟਾਰਟ-ਅੱਪ ਦੀ ਕਹਾਣੀ ਹੈ। ਦਰਅਸਲ, ਇਹ ਲਖਨਊ ਦੇ ਦੋ ਦੋਸਤਾਂ ਗੌਰਵ ਰਸਤੋਗੀ ਅਤੇ ਦੀਪਾਂਕਰ ਗੁਪਤਾ ਦੇ ਜਨੂੰਨ, ਲਗਨ ਅਤੇ ਜੋਖਿਮ ਉਠਾਉਣ ਦੇ ਸਾਹਸ ਦਾ ਸਟਾਰਟ-ਅੱਪ ਹੈ ਜਿਸ ਨੂੰ ‘ਬਿਯੌਂਡ ਔਰਗੈਨਿਕ’ ਨਾਮ ਨਾਲ ਸ਼ੁਰੂ ਕੀਤਾ ਗਿਆ ਹੈ। ਇੱਥੇ ਹਾਈਡ੍ਰੋਪੋਨਿਕ ਤਕਨੀਕ ਨਾਲ ਇੰਡੋਰ ਫਾਰਮਿੰਗ ਕਰਕੇ ਇਮਿਊਨਿਟੀ ਬੂਸਟਰ, ਹਰੀਆਂ ਪੱਤੇਦਾਰ ਸਬਜ਼ੀਆਂ ਉਗਾਈਆਂ ਜਾ ਰਹੀਆਂ ਹਨ। ਗੌਰਵ ਮੁੰਬਈ ਵਿੱਚ ਫਾਇਨੈਂਸ਼ੀਅਲ ਐਨਾਲਿਸਟ ਅਤੇ ਦੀਪਾਂਕਰ ਚਾਰਟਰਡ ਅਕਾਊਂਟੈਂਟ ਫਰਮ ਵਿੱਚ ਨੌਕਰੀ ਕਰ ਰਹੇ ਸਨ, ਲੇਕਿਨ ਕੁਝ ਲੀਕ ਤੋਂ ਹਟ ਕੇ ਕਰਨ ਦੀ ਸੋਚ ਦੇ ਬਾਅਦ ਦੋਵੇਂ ਦੋਸਤਾਂ ਨੇ ਨੌਕਰੀ ਛੱਡੀ ਅਤੇ ਇੰਡੋਰ ਫਾਰਮਿੰਗ ਦਾ ਫੈਸਲਾ ਕਰਦੇ ਹੋਏ ਆਪਣੇ ਪੁਰਾਣੇ ਖਾਲੀ ਪਏ ਘਰ ਵਿੱਚ ਇਸ ਦਾ ਸੈੱਟ ਅੱਪ ਲਗਾਇਆ।

ਕਿਸਾਨਾਂ ਦੀ ਆਮਦਨ ਵਧਾਉਣ ਅਤੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਅਵਸਰ ਲਈ ਕੇਂਦਰ ਸਰਕਾਰ ਵਿਸ਼ੇਸ਼ ਫੰਡ ਨਾਲ 346 ਸਟਾਰਟ-ਅੱਪਸ ਨੂੰ ਪ੍ਰੋਤਸਾਹਨ ਦੇ ਰਹੀ ਹੈ। ਜਿਸ ਨੂੰ ਸਾਕਾਰ ਕਰਨ ਵਿੱਚ ਗੌਰਵ ਅਤੇ ਦੀਪਾਂਕਰ ਦੀ ਇਹ ਪਹਿਲ ਕਾਫ਼ੀ ਸ਼ਲਾਘਾਯੋਗ ਹੈ। ●

ਮੀਡੀਆ ਕੋਰਨਰ



**Narendra Modi** @narendram...
भारत की आत्मा गांवों में बसती है। लेकिन सच्चाई यही है कि दशकों तक गांवों को उनके नसीब पर छोड़ दिया गया।

पिछले 6 वर्षों में हमने एक के बाद एक कई कामों को शुरू किया और उन्हें गांव-गरीब तक ले गए।

अब बिना किसी भेदभाव के, पूरी पारदर्शिता के साथ सबको योजनाओं का लाभ मिल रहा है।



**रक्षा मंत्री कार्यालय/ RMO India**
सीमावर्ती इलाकों में सड़कों, सुरंगों और पुलों का लगातार निर्माण, आप लोगों की प्रतिबद्धता, और सरकार के remote areas में पहुँचने के प्रयास को दर्शाता है। ये सड़कें न केवल सामरिक जरूरतों के लिए होती हैं, बल्कि राष्ट्र के विकास में सभी की बराबर भागीदारी सुनिश्चित करती है: RM



**Amit Shah** @AmitShah ·
संविधान निर्माताओं ने जिस 'कल्याण राज्य' की कल्पना की थी उसको चरितार्थ करने का काम @narendramodi जी ने किया है। चाहे मुख्यमंत्री का पद हो या प्रधानमंत्री का, मोदी जी ने जन-कल्याण को सर्वोपरि रख अपना जीवन लोगों के कल्याण और देश के विकास के लिए समर्पित किया



**Nitin Gadkari** @nitin_gadk... · 05 Oct
The Transport Ministry has eased the applicability date for implementing next stage of emission norms for tractors (TREM Stage-IV) from Oct this year to 1st Oct next year. Acting upon the request from Ministry of Agriculture, Tractor Manufacturers & Agriculture Associations,



**Piyush Goyal** @Piyush...
Making Local And Going Global: Goods exports increased to $27.4 billion in September, recording a growth of 5.27% year on year.

India is using COVID-19 crisis as an opportunity to expand domestic capacity & boost export-driven industries.



**Dr Harsh Vardhan** @drharsh... · 6d
हमारी थोड़ी सी लापरवाही अब तक के सभी प्रयासों को असफ़ल कर सकती है।

आइए, हम सब मिलकर यशस्वी PM श्री @narendramodi जी द्वारा #COVID19 के विरुद्ध शुरू किए गए जनआंदोलन से जुड़ें और एकजुट प्रयास से विजय की गाथा लिखें।

जब तक दवाई नहीं
तब तक ढिलाई नहीं !



RNI No. :
DELPUN/2020/78808
November: 1-15, 2020

New India
SAMACHAR
Fortnightly

RNI Registered No DELPUN/2020/78808, Delhi Postal License No DL(S)-1/3544/2020-22,
WPP NO U (S)-92/2020-22 Posting at BPC, Meghdoot Bhawan, New Delhi-110001.
On 26-30 advance Fornightly (Publishing Date October 24, 2020, Pages - 40 )

ਭਾਰਤ ਸਰਕਾਰ
Government of India

# ਕੋਰੋਨਾ ਤੋਂ ਬਚੋ



ਠੀਕ ਤਰ੍ਹਾਂ ਮਾਸਕ ਪਹਿਨੋ



ਵਾਰ-ਵਾਰ ਹੱਥ ਧੋਵੋ




ਨਿਭਾਓ ਦੋ ਗਜ ਦੀ ਦੂਰੀ



# ਜਨ ਅੰਦੋਲਨ

## ਜਦ ਤੱਕ ਦਵਾਈ ਨਹੀਂ
## ਤਦ ਤੱਕ ਢਿਲਾਈ ਨਹੀਂ

Punjabi

Editor:
Kuldeep Singh Dhatwalia,
PDG, PIB, New Delhi

Published & Printed by: Satyendra
Prakash, DG, BOC on behalf of
Bureau of Outreach and Communication

Published from Bureau of
Outreachand Communication, 2nd Floor,
Soochna Bhawan, New Delhi -110003

Printed at VIBA Press (P) Ltd.
C-66/3, Okhla Industrial Area,
Phase-II, New Delhi 110020